# ਹਜ਼ਰਤ ਮਸੀਹ ਮੌਊਦ
# ਅਲੈਹਿਸ-ਸਲਾਮ ਦੀਆਂ

## ਕੁਝ-ਇਕ ਚੌਣਵੀਆਂ

## ਤਹਿਰੀਰਾਂ (ਲਿਖਤਾਂ)

# SELECTIONS FROM THE WRITINGS OF THE PROMISED MESSIAH

## IN GURMUKHI

Published by
ISLAM INTERNATIONAL PUBLICATIONS
LIMITED

**Punjabi Translation of**

**SELECTIONS FROM THE WRITINGS OF THE PROMISED MESSIAH**

© 1989 Islam International Publications Ltd.

ISBN 1 85372 224 3

**Translator :-**

**Giani Abdul Lateef Darwesh & Giani Shamshad Ahmad**

Printed by
RAQEEM PRESS
Islamabad, Sheephatch Lane, Tilford, Surrey GU10 2AQ U.K.

# ਸਮਰਪਨ

ਵਿਸ਼ਵ ਵਿਆਪੀ ਜਮਾਅਤ ਅਹਿਮਦੀਆ ਦੀ ਸੌ ਸਾਲਾ ਸ਼ਤਾਬਦੀ ਦੀ ਗੋਲਡਨ ਜੁਬਲੀ ਦੇ ਸ਼ੁਭ ਅਵਸਰ ਤੇ ਉਹਨਾਂ ਅਹਿਮਦੀਆਂ ਵੱਲੋਂ ਇਹ ਇਕ ਅਮੁੱਲੀ ਭੇਂਟ ਹੈ, ਜੇਹਨਾਂ ਉੱਤੇ ਅਜ ਅੱਤਿਆਚਾਰ ਕੀਤੇ ਜਾ ਰਹੇ ਹਨ ਅਤੇ ਉਹਨਾਂ ਨੂੰ ਸ਼ਹੀਦ ਕੀਤਾ ਜਾ ਰਿਹਾ ਹੈ, ਕੇਵਲ ਇਸ ਕਾਰਨ ਕਿ ਉਹ [1]ਤੌਹੀਦ ਨਾਲ ਪ੍ਰੇਮ ਰਖਦੇ ਹਨ ਅਤੇ ਉਹਦਾ ਐਲਾਨ ਕਰਦੇ ਹਨ, ਏਹ ਲੋਕ ਹਜ਼ਰਤ [2]ਬਲਾਲ [3] ਰਜ਼ੀ ਅੱਲਾਹ ਅਨਹੁ ਦੀ ਇਕ ਯਾਦ ਹਨ।

---

1. ਇਕ ਈਸ਼ਵਰ ਵਾਦ 2. ਹਜ਼ਰਤ ਮੁਹੰਮਦ ਸਲ-ਲੱਲਾਹੁ ਅਲੈਹਿ ਵਸੱਲਮ ਦੇ ਇਕ ਪਿਆਰੇ ਸ਼ਰਧਾਲੂ, ਜਿਹਨਾਂ ਨੂੰ ਇਸਲਾਮ ਨੂੰ ਮੰਨਣ ਤੋਂ ਬਾਦ ਜ਼ੁਲਮਾਂ ਤੇ ਅੱਤਿਆਚਾਰਾਂ ਦਾ ਨਿਸ਼ਾਨਾ ਬਣਾਇਆ ਗਿਆ, ਪਰ ਉਹ ਇਹਨਾਂ ਜ਼ੁਲਮਾਂ ਤੇ ਅੱਤਿਆਚਾਰਾਂ ਦੇ ਹੁੰਦਿਆਂ ਹੋਇਆਂ ਵੀ ਇਕ ਈਸ਼ਵਰ ਵਾਦ ਨੂੰ ਛੱਡਣ ਦੀ ਥਾਂ ਆਪਣੀ ਜਾਨ ਦੀ ਬਾਜ਼ੀ ਲਾਉਣ ਨੂੰ ਪਹਿਲ ਦਿੰਦੇ ਰਹੇ। 3. ਅੱਲਾਹ ਉਹਨਾਂ ਤੋਂ ਰਾਜ਼ੀ ਹੋਵੇ।

# ਮੁੱਖ ਬੰਦ

ਹਜ਼ਰਤ ਮਿਰਜ਼ਾ ਗ਼ੁਲਾਮ ਅਹਿਮਦ 1ਅਲੈਹਿਸ-ਸਲਾਮ (1835-1908) ਨੇ ਅੱਲਾਹ ਦੇ ਪਤਿਵੰਤੇ ਨਬੀ ਤੇ ਪੈਗ਼ੰਬਰ ਹੋਣ ਦਾ ਐਲਾਨ ਫ਼ਰਮਾਇਆ। ਏਸ ਐਲਾਨ ਤੇ ਹੁਣ ਇਕ ਸੌ ਸਾਲ ਬੀਤ ਚੁੱਕੇ ਹਨ। ਆਪ ਦੀਆਂ ਪੁਸਤਕਾਂ ਵਿੱਚੋਂ ਕੁਝ-ਇਕ ਚੋਣਵੀਂਆਂ ਤਹਿਰੀਰਾਂ (ਲਿਖਤਾਂ) ਨੂੰ ਪ੍ਰਕਾਸ਼ਤ ਕਰਨਾ ਵੀ ਜਮਾਅਤ ਅਹਿਮਦੀਆ ਦੀ ਸੌ ਸਾਲਾ ਸ਼ਤਾਬਦੀ ਦੇ ਪ੍ਰੋਗਰਾਮਾਂ ਦਾ ਇਕ ਭਾਗ ਹੈ। ਇਹ ਜਮਾਅਤ ਆਪ ਜੀ ਦੇ ਸ਼ਰਧਾਲੂਆਂ ਦੀ ਉਹ ਜਮਾਅਤ ਹੈ, ਜਿਸਨੂੰ ਅੱਲਾਹ ਨੇ ਆਪ ਕਾਇਮ ਕੀਤਾ ਹੈ।

ਬੇਅੰਤ ਔਕੜਾਂ, ਔਖਿਆਈਆਂ ਤੇ ਦੁਸ਼ਮਣੀਆਂ ਦੇ ਹੁੰਦਿਆਂ ਹੋਇਆਂ ਵੀ ਇਹ ਜਮਾਅਤ ਸੰਸਾਰ ਭਰ ਦੇ ਭਿੰਨ ਭਿੰਨ ਭਾਗਾਂ ਵਿਚ ਬੜੀ ਤੀਬਰਗਤੀ ਨਾਲ ਵਧ-ਫੁਲ ਰਹੀ ਹੈ ਅਤੇ ਹੁਣ ਤਕ ੧੧੧ ਦੇਸ਼ਾਂ ਵਿਚ ਇਸ ਦੇ ਕੇਂਦਰ ਸਥਾਪਤ ਹੋ ਚੁੱਕੇ ਹਨ ਅਤੇ ਪਵਿੱਤਰ ਧਰਮ ਇਸਲਾਮ ਦੀ ਆਵਾਜ਼ ਅੱਗੇ ਤੋਂ ਅੱਗੇ ਵਧਦੀ ਚਲੀ ਜਾ ਰਹੀ ਹੈ।

ਜਮਾਅਤ ਅਹਿਮਦੀਆ ਦੇ ਸੰਦੇਸ਼ ਅਤੇ ਮਹੱਤਤਾ ਨੂੰ ਜਾਨਣ ਲਈ ਸਭ ਤੋਂ ਚੰਗਾ ਤਰੀਕਾ ਇਹ ਹੈ ਕਿ ਹਜ਼ਰਤ ਮਿਰਜ਼ਾ ਗ਼ੁਲਾਮ ਅਹਿਮਦ ਅਲੈਹਿਸ-ਸਲਾਮ ਦੇ 2 ਦਆਵੀ ਨੂੰ ਸਮਝਣ ਦਾ ਜਤਨ ਕੀਤਾ ਜਾਏ। ਇਕ ਭਰੋਸੇ ਯੋਗ ਯਥਾਰਥਕ ਤੇ ਸੁੱਚਜਾ ਤਰੀਕਾ ਇਹ ਵੀ ਹੈ, ਕਿ ਇਕ ਸਚੱਾਈ ਨੂੰ ਪਰਖਣ ਵਾਲਾ, ਉਹਨਾਂ ਸ਼ੰਕਿਆਂ ਤੇ ਭਾਵਾਂ ਨੂੰ ਜੇਹੜੇ ਉਸਦੇ ਦਿਲ ਵਿਚ ਉਤਪਨ ਹੋਣ ਉਸ 3ਮੁਦਈ (ਅਰਥਾਤ ਹਜ਼ਰਤ ਮਸੀਹ ਮੌਊਦ ਅਲੈਹਿਸਸਲਾਮ) ਦੀਆਂ ਆਪ-ਣੀਆਂ ਤਹਿਰੀਰਾਂ (ਲਿਖਤਾਂ) ਦੇ ਚਾਨਣ ਵਿਚ ਦੂਰ ਕਰਨ ਦਾ ਜਤਨ ਕਰ੍ਹੇ ਜਿਹੜਾ ਮਸੀਹ ਮੌਊਦ ਤੇ ਇਮਾਮ ਮਹਿਦੀ ਹੋਣ ਦਾ ਐਲਾਨ ਕਰਦਾ ਹੈ।

---

1. ਅੱਲਾਹ ਦੀ ਆਪ ਤੇ ਸਲਾਮਤੀ ਹੋਵੇ 2. ਵਿਚਾਰਾਂ
3. ਵਿਚਾਰ ਪੇਸ਼ ਕਰਨ ਵਾਲਾ ਜਾਂ ਕਿਸੇ ਗਲ ਦਾ ਐਲਾਨ ਕਰਨ ਵਾਲਾ।

ਇਸ ਹੱਥਲੀ ਪੁਸਤਕ ਵਿਚ ਆਪ ਜੀ ਦੀ ਕਾਵਿ ਰਚਨਾ ਤੇ ਗਦ ਰਚਨਾ ਵਿੱਚੋਂ ਕੁਝ-ਇਕ ਚੌਣਵੀਆਂ ਲਿਖਤਾਂ ਪੇਸ਼ ਕੀਤੀਆਂ ਜਾ ਰਹੀਆਂ ਹਨ, ਜੋਹੜੀਆਂ ਮਨੁੱਖੀ ਜੀਵਨ ਦੇ ਭਿੰਨ ਭਿੰਨ ਪੱਖਾਂ ਤੇ ਚਾਨਣਾ ਪਾਉਂਦੀਆਂ ਹਨ, ਏਹਨਾਂ ਨੂੰ ਪੜ੍ਹਨ ਵਾਲੇ ਸਜਨਾਂ ਤੋਂ ਅਸੀਂ ਆਸ ਰੱਖਦੇ ਹਾਂ ਕਿ ਉਹ ਏਹਨਾਂ ਦੇ ਅਧਿਅਨ ਤੋਂ ਜਿਹੜੀ ਕਿ ਇਕ ਤੁਛ ਜਿਹੀ ਕੋਸ਼ਿਸ਼ ਹੈ, ਆਪ ਜੀ ਦੀਆਂ ਅੱਸੀ ਤੋਂ ਵੱਧ ਪੁਸਤਕਾਂ ਦਾ ਅਧਿਅਨ ਕਰਨ ਦਾ ਜਤਨ ਕਰਨਗੇ ਕਿਉਂਕਿ ਇਹ ਪੁਸਤਕਾਂ ਅਧਿਆਤਮਕ ਜਾਣਕਾਰੀ ਅਤੇ ਰੋਸ਼ਨੀ ਬਖ਼ਸ਼ਦੀਆਂ ਹਨ ਅਤੇ ਭਿੰਨ ਭਿੰਨ ਢੰਗਾਂ ਨਾਲ ਉਸ ਦੇ ਆਤਮਕ ਜਜ਼ਬਿਆਂ ਨੂੰ ਉਭਾਰਨ ਵਾਲੀਆਂ ਹਨ।

ਇਸ ਪੁਸਤਕ ਦਾ ਅੰਗਰੇਜ਼ੀ ਅਨੁਵਾਦ "ਬੋਰਡ ਆਫ਼ ਐਡੀਟਰਜ਼" ਨੇ ਕੀਤਾ ਹੈ ਜਿਹਨਾਂ ਨੇ ਅਸਲ ਪੁਸਤਕ ਨੂੰ ਦਿਆਨਤਦਾਰੀ ਨਾਲ ਸਾਮਣੇ ਰੱਖਿਆ ਹੈ ਅਤੇ ਅਸੀਂ ਆਸ ਰਖਦੇ ਹਾਂ ਕਿ ਬੋਰਡ ਦੀ ਇਸ ਕਸੌਟੀ ਨੂੰ ਦੂਜੀਆਂ ਭਾਸ਼ਾਵਾਂ ਦੇ ਅਨੁਵਾਦਕ ਵੀ ਮੁਖ ਰਖਣਗੇ।

ਇਸਲਾਮ ਧਰਮ ਵਿਚ ਜਮਾਅਤ ਅਹਿਮਦੀਆ ਇਕ ਵਿਸ਼ਵ ਵਿਆਪੀ ਸੰਸਥਾ ਦਾ ਰੂਪ ਰਖਦੀ ਹੈ, ਜਿਹੜੀ ਕਿ 1889 ਈਸਵੀ ਵਿਚ ਕਾਦੀਆਂ (ਭਾਰਤ) ਵਿਚ ਕਾਇਮ ਹੋਈ ਇਸ ਦੇ 1ਬਾਨੀ ਹਜ਼ਰਤ ਮਿਰਜ਼ਾ ਗ਼ੁਲਾਮ ਅਹਿਮਦ 2ਅਲੈਹਿਸ-ਸਲਾਮ ਕਾਦੀਆਨੀ ਨੇ ਇਹ ਐਲਾਨ ਫ਼ਰਮਾਇਆ ਕਿ ਆਪ ਉਹੀ ਆਤਮਕ ਸੁਧਾਰਕ ਹਨ ਜਿਹਨਾਂ ਦੇ ਪ੍ਰਗਟ ਹੋਣ ਬਾਰੇ ਭਿੰਨ ਭਿੰਨ ਧਰਮਾਂ ਨਾਲ ਸੰਬੰਧ ਰਖਣ ਵਾਲੇ ਭਿੰਨ ਭਿੰਨ ਨਾਵਾਂ ਅਨੁਸਾਰ ਉਡੀਕ ਕਰ ਰਹੇ ਸਨ। ਹਿੰਦੂ ਸ੍ਰੀ ਕ੍ਰਿਸ਼ਨ ਜੀ, ਈਸਾਈ ਹਜ਼ਰਤ ਈਸਾ ਜੀ, ਬੋਧ ਮਹਾਤਮਾ ਬੁਧ ਜੀ ਅਤੇ ਮੁਸ-ਲਮਾਨ ਹਜ਼ਰਤ ਇਮਾਮ ਮਹਿਦੀ ਅਤੇ ਮਸੀਹ ਮੌਊਦ ਦੀ ਉਡੀਕ ਕਰ ਰਹੇ ਸਨ।

ਰੱਬੀ ਹਿਦਾਇਤ ਅਤੇ ਆਗਿਆ ਅਨੁਸਾਰ ਆਪ ਜੀ ਨੇ ਇਹ ਇਨਕਲਾਬ ਭਰਪੂਰ ਐਲਾਨ ਫ਼ਰਮਾਇਆ ਕਿ ਕੇਵਲ ਇੱਕੋ ਹੀ "ਮਹਾਨ ਆਤਮਾ" ਪ੍ਰਗਟ ਹੋਣ ਵਾਲੀ ਸੀ, ਜਿਹੜੀ ਮੌਊਦ ਅਕਵਾਮਿ ਆਲਮ ਦੀ ਪ੍ਰਤੀਨਿਧ ਸੀ ਅਤੇ ਉਸਦਾ ਮੁਖ ਮੰਤਵ ਇਹ ਸੀ ਕਿ ਉਹ ਵਿਸ਼ਵ ਵਿਆਪੀ ਮਨੁੱਖਤਾ ਨੂੰ ਇਕ ਵਿਸ਼ਵ ਵਿਆਪੀ ਧਰਮ ਦੇ ਝੰਡੇ ਹੇਠ ਇਕੱਠਿਆਂ ਕਰੇ ਆਪ ਜੀ ਨੇ ਇਹ ਵਿਆਖਿਆ ਵੀ ਕੀਤੀ ਕਿ ਉਸ ਦਾ ਪ੍ਰਗਟਾ ਸੁਤੰਤਰ ਰੂਪ ਵਿਚ ਨਹੀਂ, ਸਗੋਂ ਇਸਲਾਮ

1. ਮੋਢੀ 2. ਅੱਲਾਹ ਦੀ ਆਪ ਤੇ ਸਲਾਮਤੀ ਹੋਵੇ।

ਧਰਮ ਦੇ ਮੋਢੀ ਹਜ਼ਰਤ ਮੁਹੰਮਦ ਸਲ-ਲੱਲਾਹੁ ਅਲੈਹਿ ਵਸੱਲਮ ਦੀ ਤਾਬਿਆਦਾਰੀ ਦੇ ਰੂਪ ਵਿਚ ਹੋਣਾ ਸੀ।

ਆਪ ਇਹ ਮੰਨਦੇ ਸਨ ਕਿ ਇਸਲਾਮ ਅੱਲਾਹ ਦਾ ਅੰਤਮ ਤੇ ਪੂਰਨ ਧਰਮ ਹੈ ਅਤੇ ਮਨੁੱਖੀ ਜੀਵਨ ਨੂੰ ਜੀਵਤ ਰਖਣ ਲਈ ਇਕ ਪੂਰਨ ਢਾਂਚਾ ਤੇ ਅਸੂਲ ਹੈ ਇਸ ਲਈ ਆਪ ਜੀ ਨੇ ਘੋਸ਼ਨਾ ਕੀਤੀ ਕਿ ਉਹ
1 "ਮਹਾਨਆਤਮਾ" (ਜਿਸ ਦਾ ਭਿੰਨ ਭਿੰਨ ਧਰਮਾਂ ਅੰਦਰ ਕਲਜੁਗ ਵਿਚ ਆਉਣ ਦਾ ਬਚਨ ਦਿੱਤਾ ਗਿਆ ਹੈ।) ਹਜ਼ਰਤ ਮੁਹੰਮਦ ਸਲ-
2 ਲੱਲਾਹੁ ਅਲੈਹਿ ਵਸੱਲਮ ਦੀ ਤਾਬਿਆਦਾਰੀ ਵਿਚ ਆਇਗੀ। ਆਪ ਜੀ ਨੇ ਇਹ ਵੀ ਆਖਿਆ ਕਿ ਆਪ ਦਾ ਇਹ ਸਮਾਂ ਵਿਸ਼ਵ ਵਿਆਪੀ ਧਰਮ ਇਸਲਾਮ ਲਈ ਸੁਨਹਿਰੀ ਸਮਾਂ ਸਿਧ ਹੋਇਗਾ ਜਿਸ ਦੇ ਮਨੁੱਖ ਸੁਪਨੇ ਲੈ ਰਿਹਾ ਤੇ ਇੱਛਾ ਕਰ ਰਿਹਾ ਸੀ।

ਆਪ ਜੀ 1889 ਈਸਵੀ ਵਿਚ ਅੱਲਾਹ ਵੱਲੋਂ ਇਸ ਪਦਵੀ ਤੇ ਨਿਯੁਕਤ ਕੀਤੇ ਗਏ। ਤਾਂ-ਜੁ ਇਕ ਨਿਰੋਲ ਆਤਮਕ ਅਤੇ ਅੱਲਾਹ ਨਾਲ ਸੰਬੰਧ ਰਖਣ ਵਾਲੀ ਜਮਾਅਤ ਦੀ ਨੀਂਹ ਰਖਣ, ਜਿਹੜੀ ਕਿ ਆਪ ਦੇ ਪ੍ਰਗਟਾ ਦੇ ਉੱਦੇਸ਼ ਨੂੰ ਪੂਰਾ ਕਰਨ ਵਾਲੀ ਹੋਵੇ। ਆਪ ਜੀ ਨੇ 23 ਮਾਰਚ 1889 ਈਸਵੀ ਨੂੰ ਪੰਜਾਬ (ਭਾਰਤ) ਦੇ ਸ਼ਹਿਰ ਲੁੱਧਿਆਣਾ ਵਿਖੇ ਉਹਨਾਂ ਸਜਨਾਂ ਦੀ 3 ਬੈਤ ਲਈ ਜੇਹੜੇ ਕਿ ਆਪ ਦੇ ਸਮੁੱਚੇ ਵਿਚਾਰਾਂ ਤੇ ਸ਼ਰਧਾ ਰਖਦੇ ਸਨ, ਇਸ ਬੈਤ ਰਾਹੀਂ ਆਪ ਨੇ ਇਕ ਜਮਾਅਤ ਦੀ ਸਥਾਪਨਾ ਦਾ ਐਲਾਨ ਕੀਤਾ।

ਭਾਰਤ ਦੀ ਵੰਡ (1947 ਈਸਵੀ)। ਮਗਰੋਂ ਜਮਾਅਤ ਦਾ ਕੇਂਦਰ (ਥੋੜੇ ਸਮੇਂ ਲਈ) ਭਾਰਤ ਤੋਂ ਪਾਕਿਸਤਾਨ ਚਲਾ ਗਿਆ। ਜਿੱਥੇ ਜਮਾਅਤ ਨੇ ਇਕ ਨਵੇਂ ਸ਼ਹਿਰ "ਰਬਵਾਹ" ਦੀ ਨੀਂਹ ਰੱਖੀ ਤਾਂ-ਜੁ ਉਹ, ਜਮਾਅਤ ਦੇ ਆਗੂ ਅਤੇ ਜਮਾਅਤ ਲਈ ਕੇਂਦਰ ਦੇ ਤੌਰ ਤੇ ਵਰਤੋਂ ਵਿਚ ਲਿਆਂਦਾ ਜਾ ਸਕੇ।

ਵਿਰੋਧੀਆਂ ਵੱਲੋਂ ਭਿੰਨ ਭਿੰਨ ਸਮਿਆਂ ਵਿਚ ਜਮਾਅਤ ਅਹਿਮਦੀਆ ਦੇ ਖ਼ਿਲਾਫ਼ ਵਿਰੋਧਤਾ ਭਰੀਆਂ ਸਾਜ਼ਸ਼ਾਂ ਆਰੰਭ ਕੀਤੀਆਂ

---

1. ਉਹ ਮਹਾਨ ਆਤਮਕ ਵਿਅਕਤੀ ਜਿਸ ਦੇ ਕਲਜੁਗ ਸਮੇਂ ਆਉਣ ਦਾ ਭਿੰਨ ਭਿੰਨ ਧਾਰਮਕ ਪੁਸਤਕਾਂ ਵਿਚ ਵਰਨਣ ਹੈ। 2. ਅੱਲਾਹ ਦੀ ਆਪ ਤੇ ਸਲਾਮਤੀ ਹੋਵੇ।

3 ਸ਼ਰਧਾਲੂ ਬਨਾਉਣਾ, ਆਗਿਆਕਾਰੀ ਦਾ ਇਕਰਾਰ ਲੈਣਾ।

ਗਈਆਂ, ਏਹਨਾਂ ਵਿਚ ਵਧੇਰੇ ਪ੍ਰਸਿਧ 1953,1974 ਤੇ 1984 ਦੀਆਂ ਸਾਜ਼ਸ਼ਾ ਹਨ। ਆਖ਼ਰੀ ਸਾਜ਼ਿਸ਼ ਪਾਕਿਸਤਾਨੀ ਹਕੂਮਤ ਦੀ ਪੂਰੀ ਸਹਾਇਤਾ ਨਾਲ ਆਰੰਭ ਕੀਤੀ ਗਈ ਅਤੇ ਉਸ ਸਮੇਂ ਦੇ ਡਿਕਟੇਟਰ ਜਨਰਲ ਜ਼ਿਆਉਲਹਕ ਵੱਲੋਂ ਜਮਾਅਤ ਦੇ ਵਿਰੁਧ ਇਕ ਅਜਿਹਾ ਆਰਡੀ ਨੈਂਸ ਲਾਗੂ ਕੀਤਾ ਗਿਆ। ਜਿਸਦੀ ਸਹਾਇਤਾ ਨਾਲ ਜਮਾਅਤ ਦੀ ਉੱਨਤੀ ਵਿਚ ਵਿਘਣ ਪਾਉਣ ਲਈ ਅਤੇ ਉਸਨੂੰ ਉਸਦੇ ਮੁੱਢਲੇ ਮਨੁੱਖੀ ਅਧਿਕਾਰਾਂ ਤੋਂ ਵਾਂਝਿਆਂ ਰਖਣ ਲਈ ਕਈ ਪ੍ਰਕਾਰ ਦੇ ਹੱਥ ਕੰਡੇ ਵਰਤੋਂ ਵਿਚ ਲਿਆਂਦੇ ਗਏ। ਇਸ ਸੱਚਾਈ ਦੇ ਹੁੰਦਿਆਂ ਹੋਇਆਂ ਵੀ ਜਮਾਅਤ ਨੂੰ ਉਪਰੋਕਤ ਕਾਰਨਾਂ ਕਰਕੇ ਵੱਡੀਆਂ ਕੁਰਬਾਨੀਆਂ ਦੇਣੀਆਂ ਪਈਆਂ, ਪਰ ਅੱਲਾਹ ਦੀ ਆਪਾਰ ਕ੍ਰਿਪਾ ਸਦਕਾ ਹਕੂਮਤ ਅਤੇ ਉਹਦੀ ਪਿਠ ਠੋਕਣ ਵਾਲੇ ਮੌਲਵੀਆਂ ਦੇ ਜਤਨ ਪਾਕਿਸਤਾਨ ਵਿਚ ਅਸਫਲ ਤੇ ਮਲਿਆਮੇਟ ਹੋ ਕੇ ਰਹਿ ਗਏ।

ਜਿੱਥੋ ਤੀਕ ਦੂਜੀ ਦੁਨੀਆ ਦਾ ਸੰਬੰਧ ਹੈ ਏਹਨਾਂ ਔਕੜਾਂ ਦੇ ਸਿੱਟੇ ਵਜੋਂ ਅਹਿਮਦੀਆਂ ਵਿਚ ਇਕ ਨਵਾਂ ਹੌਸਲਾ, ਅਨੁਭਵ ਅਤੇ ਉਤਸ਼ਾਹ ਉਤਪਨ ਹੋਇਆ, ਜਿਸ ਕਰਕੇ ਜਮਾਅਤ ਦੇ ਕਦਮ ਕਈ ਗੁਣਾਂ ਹੋਰ ਅਗਾਂਹ ਵਧਦੇ ਜਾ ਰਹੇ ਹਨ।

ਆਪਣੇ ਜੀਵਨ ਦੀ ਮੁਕਤੀ ਅਤੇ ਮੁੱਢਲੇ ਮਨੁੱਖੀ ਅਧਿਕਾਰਾਂ ਦੀ ਪ੍ਰਾਪਤੀ ਦੇ ਜਤਨਾਂ ਦੇ ਜੁਰਮ ਵਿਚ ਹਜ਼ਾਰਾਂ ਅਹਿਮਦੀਆਂ ਨੂੰ ਅੱਤਿਆਚਾਰਾਂ ਦਾ ਨਿਸ਼ਾਨਾ ਬਣਾਇਆ ਗਿਆ ਅਤੇ ਉਹਨਾਂ ਨੂੰ ਹਨੇਰ ਕੋਠੜੀਆਂ ਵਿਚ ਸੁੱਟਿਆ ਗਿਆ। ਸਰੀਰਕ ਤਸੀਹੇ ਦਿੱਤੇ ਗਏ ਇੱਥੋਂ ਤਕ ਕਿ ਉਹਨਾਂ ਦੀ ਨਸਲ ਨੂੰ ਮਾਰ ਮੁਕਾਉਣ ਦੇ ਅਪਵਿੱਤਰ ਹੱਥ ਕੰਡੇ ਵੀ ਵਰਤੋਂ ਵਿਚ ਲਿਆਂਦੇ ਗਏ।

ਜਮਾਅਤ ਅਹਿਮਦੀਆ ਦੀ ਸਥਾਪਨਾ ਦੀ ਸੌ ਸਾਲਾ ਸ਼ਤਾਬਦੀ (ਗੋਲਡਨ ਜੁਬਲੀ) ਦੇ ਅੰਤਮ ਸਾਲ 1989 ਦੇ ਵਿਸ਼ਵ ਵਿਆਪੀ ਪ੍ਰੋਗਰਾਮਾਂ ਵਿਚ ਪਰਦਰਸ਼ਨੀ ਦੇ ਨਾਲ ਨਾਲ ਸ਼ੁਕਰਾਨੇ ਵਜੋਂ ਇਕ ਮਹੱਤਵ ਪੂਰਨ ਕੰਮ ਇਹ ਹੈ ਕਿ ਕੁਰਆਨ ਮਜੀਦ, ਹਜ਼ਰਤ ਮੁਹੰਮਦ ਸਲ-ਲੱਲਾਹੁ ਅਲੈਹਿ ਵਸੱਲਮ ਦੀਆਂ ਪਵਿੱਤਰ ਹਦੀਸਾਂ ਅਤੇ ਹਜ਼ਰਤ ਮਸੀਹ ਮੌਊਦ ਅਲੈਹਿਸ-ਸਲਾਮ ਦੀਆਂ ਕੁਝ-ਇਕ ਚੋਣਵੀਆਂ ਲਿਖਤਾਂ ਦਾ ਅਨੁਵਾਦ ਲਗਭਗ ਭਿੰਨ ਭਿੰਨ ਸੌ ਭਾਸ਼ਾਵਾਂ ਵਿਚ ਪ੍ਰਕਾਸ਼ਤ ਕੀਤਾ ਜਾਏ। ਇਹ ਹੱਥਲੀ ਪੁਸਤਕ ਵੀ ਏਹਨਾਂ

ਬਰਕਤ ਭਰੇ ਪ੍ਰੋਗਰਾਮਾਂ ਦਾ ਹੀ ਇਕ ਪ੍ਰਗਟਾ ਹੈ।

ਸਫ਼ਦਰ ਹੁਸੈਨ ਅੱਬਾਸੀ
ਵਕੀਲ-ਉਲ ਤਸਨੀਫ਼ ਵ ਨਾਜ਼ਿਰ ਇਸ਼ਾਅਤ
ਲੰਡਨ

# ਲੇਖ ਸੂਚੀ

ਲੜੀ ਨੰ: ਲੇਖ


| | | |
|---|---|---|
| 1. | ਮੁੱਖ ਬੰਦ | |
| 2. | ਅੱਲਾਹ | 1 |
| 3. | ਦੀਦਾਰ ਇਲਾਹੀ (ਅੱਲਾਹ ਦੇ ਦਰਸ਼ਨ) | 2 |
| 4. | ਅੱਲਾਹ ਦਾ ਆਪਣੇ ਵਫ਼ਾਦਾਰ ਬੰਦਿਆਂ ਨਾਲ ਵਰਤਾਓ | 3 |
| 5. | ਹਜ਼ਰਤ ਮੁੰਹਮਦ ਸਲ-ਲੱਲਾਹੁ ਅਲੈਹਿ ਵੱਸਲਮ | 10 |
| 6. | ਹਜ਼ਰਤ ਮਸੀਹ ਮੌਊਦ ਦਾ ਮਿਸ਼ਨ | 20 |
| 7. | ਨਵੀਂ ਜਮਾਅਤ ਬਨਾਉਣ ਦਾ ਕਾਰਨ | 22 |
| 8. | ਜਮਾਅਤ ਨੂੰ ਨਸੀਹਤਾਂ | 26 |
| 9. | ਬਦ ਜ਼ੱਨੀ (ਬੁਰਾ ਵਿਚਾਰ) | 27 |
| 10. | ਵਹੀ ਤੇ ਇਲਹਾਮ | 29 |
| 11. | ਫ਼ਰਿਸ਼ਤੇ (ਦੂਤ) | 32 |
| 12. | ਅੱਲਾਹ ਦੇ ਰਾਹ ਵਿਚ ਜਿਹਾਦ ਕਰਨਾ | 34 |
| 13. | ਦੁਆ (ਅਰਦਾਸ) | 36 |
| 14. | ਸਾਡੇ ਅਕੀਦੇ (ਸਾਡੇ ਵਿਚਾਰ) | 37 |
| 15. | ਗੁਨਾਹ (ਪਾਪ) | 38 |
| 16. | ਨਿਜਾਤ ( ਮੁਕਤੀ) | 39 |
| 17. | ਮਰਨ ਮਗਰੋਂ ਦਾ ਜੀਵਨ | 39 |
| 18. | ਰੂਹ (ਆਤਮਾ) | 40 |
| 19. | ਯਾਜੂਜ-ਮਾਜੂਜ ਦੀ ਯਥਾਰਥਕਤਾ | 41 |
| 20. | ਰੋਸ਼ਨੀ ਦਾ ਸਮਾਂ (ਪ੍ਰਕਾਸ਼ ਦਾ ਕਾਲ) | 42 |
| 21. | ਕੁਰਆਨ ਮਜੀਦ | 45 |
| 22. | ਸੰਸਾਰ ਦੇ ਧਰਮ | 50 |

23. ਮਨੁੱਖਤਾ ਨਾਲ ਹਮਦਰਦੀ 50
24. ਅਹਿਮਦੀਅਤ ਦਾ ਭਵਿੱਖ 51
25. ਅੰਤਮ ਜਿਤ 52

# ਅੱਲਾਹ

"ਸਾਡਾ ਸਵਰਗ ਸਾਡਾ ਖ਼ੁਦਾ ਹੈ, ਸਾਡੀਆਂ ਸਾਰੀਆਂ ਲੱਜ਼ਤਾਂ (ਖ਼ੁਸ਼ੀਆਂ) ਸਾਡੇ ਖ਼ੁਦਾ ਵਿਚ ਹਨ। ਕਿਉਂਕਿ ਅਸੀਂ ਉਸ ਨੂੰ ਵੇਖਿਆ ਅਤੇ ਹਰ ਇਕ ਸੁੰਦਰਤਾ ਉਸ ਵਿਚ ਪਰਤੀਤ ਕੀਤੀ। ਇਹ ਧਨ ਲੈਣ ਯੋਗ ਹੈ ਭਾਵੇਂ ਜਾਨ ਦੇਣ ਬਦਲੇ ਮਿਲੇ ਅਤੇ ਇਹ ਲਾਲ ਖ਼ਰੀਦਨ ਲਾਇਕ ਹੈ ਭਾਵੇਂ ਆਪਣਾ ਸਾਰਾ ਵਜੂਦ ਹੀ ਗੁਆਉਣਾ ਪਵੇ। ਹੇ ਤ੍ਰਿਹਾਓ ! ਏਸ ਸੋਮੇਂ ਵਲ ਨੱਸੋ ਇਹ ਤੁਹਾਡੀ ਤ੍ਰੇਹ ਨੂੰ ਬੁਝਾਇਗਾ, ਇਹ ਜੀਵਨ ਦਾ ਸੋਮਾ ਹੈ ਜਿਹੜਾ ਤੁਹਾਨੂੰ ਬਚਾਇਗਾ। ਮੈਂ ਕੀ ਕਰਾਂ ਅਤੇ ਕਿਵੇਂ ਇਸ ਖੁਸ਼ਖਬਰੀ ਨੂੰ ਦਿਲਾਂ ਵਿਚ ਬਿਠਾ ਦਿਆਂ, ਕਿਹੜੀ ਦਫ਼ਲੀ ਨਾਲ ਬਜ਼ਾਰਾਂ ਵਿਚ ਹੋਕਾ ਦਿਆਂ, ਕਿ ਤੁਹਾਡਾ ਇਹ ਖ਼ੁਦਾ ਹੈ, ਤਾਂ-ਜੁ ਲੋਕ ਸੁਣ ਲੈਣ ਅਤੇ ਕਿਹੜੀ ਦਵਾ ਨਾਲ ਇਲਾਜ ਕਰਾਂ ਕਿ ਲੋਕਾਂ ਦੇ ਕੰਨ ਸੁਨੰਣ ਲਈ ਖੁੱਲਣ ! ਜੇ ਕਰ ਤੁਸੀਂ ਖ਼ੁਦਾ ਦੇ ਹੋ ਜਾਓਗੇ ਤਾਂ ਯਕੀਨ ਜਾਣੋ ਕਿ ਖ਼ੁਦਾ ਤੁਹਾਡਾ ਹੀ ਹੈ "

(ਰੂਹਾਨੀ ਖ਼ਜ਼ਾਇਨ ਭਾਗ : 19 ਪੰਨਾ : 21-22, ਕਿਸ਼ਤੀ ਨੂਹ ਪੰਨਾ: 23-24)

"ਹੇ ਸ੍ਰੋਤਿਓ ! ਸੁਣੋ !! ਕਿ ਖ਼ੁਦਾ ਤੁਹਾਥੋਂ ਕੀ ਚਾਹੁੰਦਾ ਹੈ ਕੇਵਲ ਇਹ ਹੀ ਕਿ ਤੁਸੀਂ ਉਸੇ ਦੇ ਬਣ ਜਾਓ। ਉਸ ਨਾਲ ਕਿਸੇ ਨੂੰ ਭਾਈਵਾਲ ਨਾ ਬਣਾਓ। ਨਾ ਆਕਾਸ਼ ਵਿਚ ਨਾ ਜ਼ਮੀਨ ਵਿਚ।

ਸਾਡਾ ਖ਼ੁਦਾ ਉਹ ਖ਼ੁਦਾ ਹੈ ਜਿਹੜਾ ਅਜ ਵੀ ਜੀਊਂਦਾ ਹੈ ਜਿਵੇਂ ਕਿ ਪਹਿਲਾਂ ਜੀਊਂਦਾ ਸੀ, ਉਹ ਹੁਣ ਵੀ ਬੋਲਦਾ ਹੈ ਜਿਵੇਂ ਕਿ ਪਹਿਲਾਂ ਬੋਲਦਾ ਸੀ ਉਹ ਹੁਣ ਵੀ ਸੁਣਦਾ ਹੈ ਜਿਵੇਂ ਕਿ ਪਹਿਲਾਂ ਸੁਣਦਾ ਸੀ। ਇਹ ਖ਼ਿਆਲ ਫਜ਼ੂਲ ਹੈ ਕਿ ਹੁਣ ਦੇ ਸਮੇਂ ਉਹ ਸੁਣਦਾ ਤਾਂ ਹੈ, ਪਰ ਬੋਲਦਾ ਨਹੀਂ। ਸਗੋਂ ਉਹ ਸੁਣਦਾ ਵੀ ਹੈ ਅਤੇ ਬੋਲਦਾ ਵੀ ਹੈ। ਉਹਦੇ ਸਾਰੇ ਗੁਣ ਅਮਰ ਹਨ ਕੋਈ ਗੁਣ ਬੇਕਾਰ ਨਹੀਂ ਹੈ ਨਾ ਕਦੇ ਹੋਇਗਾ ਉਹ ਉਹੀ ਇੱਕੋ ਇਕ ਖ਼ੁਦਾ ਹੈ ਜਿਸ ਦਾ ਕੋਈ ਭਾਈਵਾਲ ਨਹੀਂ, ਜਿਸ ਦਾ ਕੋਈ ਪੁੱਤਰ ਨਹੀਂ, ਜਿਸ ਦੀ

ਕੋਈ ਤੀਵੀਂ ਨਹੀਂ, ਉਹ ਉਹੀ ਇਕੱਲਾ ਹੈ ਜਿਸ ਦੀ ਕੋਈ ਉਦਾਹਰਣ ਪੇਸ਼ ਨਹੀਂ ਕੀਤੀ ਜਾ ਸਕਦੀ। ਜਿਸ ਵਾਂਗ ਕੋਈ ਮਨੁੱਖ ਕਿਸੇ ਵਿਸ਼ੇਸ਼ ਗੁਣ ਨਾਲ ਸੰਬੰਧਤ ਨਹੀਂ, ਜਿਸ ਜਿਹਾ ਕੋਈ ਨਹੀਂ ਜਿਸ ਦੇ ਗੁਣਾ ਨਾਲ ਕੋਈ ਸਾਂਝੀ ਨਹੀਂ ਅਤੇ ਜਿਸ ਦੀ ਕਿਸੇ ਤਾਕਤ ਜਾਂ ਗੁਣ ਵਿਚ ਕੋਈ ਘਾਟ ਨਹੀਂ ਆਈ, ਉਹ ਨੇੜੇ ਹੈ ਦੂਰ ਹੁੰਦਿਆਂ ਹੋਇਆਂ ਵੀ, ਦੂਰ ਹੈ ਨੇੜੇ ਹੁੰਦਿਆਂ ਹੋਇਆਂ ਵੀ। ਉਹ ਇਕ ਨੂਰ ਦੇ ਤੌਰ ਤੇ ਆਪਨੇ ਆਪ ਨੂੰ ਆਪਣੇ ਬੰਦਿਆਂ ਤੇ ਪ੍ਰਗਟ ਕਰਦਾ ਹੈ, ਪਰ ਉਹਦਾ ਨਾ ਕੋਈ ਸਰੀਰ ਹੈ, ਨਾ ਕੋਈ ਸ਼ਕਲ। ਉਹ ਸਭਨਾਂ ਤੋਂ ਉੱਪਰ ਹੈ, ਪਰ ਇਹ ਨਹੀਂ ਕਹਿ ਸਕਦੇ ਕਿ ਉਸ ਦੇ ਹੇਠਾਂ ਕੋਈ ਹੋਰ ਵੀ ਹੈ। ਉਹ ਆਕਾਸ਼ ਤੇ ਵੀ ਹੈ, ਪਰ ਨਹੀਂ ਕਹਿ ਸਕਦੇ ਕਿ ਇਸ ਜ਼ਮੀਨ ਤੇ ਨਹੀਂ ਹੈ। ਉਹ ਸਾਰੇ ਪੂਰਨ ਗੁਣਾ ਦਾ ਇਕੱਠ ਹੈ, ਉਹ ਪ੍ਰਗਟਾ ਹੈ ਸਾਰੀਆਂ ਤਾਰੀਫ਼ਾਂ ਦਾ, ਸੋਮਾਂ ਹੈ ਸਾਰੀਆਂ ਵਿਸ਼ੇਸ਼ਤਾਈਆਂ ਦਾ। ਇੱਕਠ ਹੈ ਸਭ ਤਾਕਤਾਂ ਦਾ, ਆਦਿ ਹੈ ਸਾਰੇ ਗੁਣਾ ਦਾ, 1ਮਰਜਾਅ ਹੈ ਹਰ ਇਕ ਚੀਜ਼ ਦਾ, ਮਾਲਕ ਹੈ ਹਰ ਇਕ ਮੁਲਕ ਦਾ, ਤਾਰੀਫ਼ ਕੀਤਾ ਗਿਆ ਹੈ ਹਰ ਇਕ ਕੰਮ ਤੋਂ, ਪਵਿੱਤਰ ਹੈ ਹਰ ਇਕ ਅਵਗੁਣ ਤੋਂ ਅਤੇ ਵਿਸ਼ੇਸ਼ ਹੈ ਇਸ ਕੰਮ ਲਈ ਕਿ ਧਰਤੀ ਤੇ ਆਕਾਸ਼ ਵਾਲੇ ਉਹਦੀ ਹੀ ਭਗਤੀ ਕਰਨ ।"

(ਰੂਹਾਨੀ ਖ਼ਜ਼ਾਇਨ ਭਾਗ: 20 ਪੰਨਾ: 309-310, ਅਲਵਸੀਅਤ ਪੰਨਾ: 11.12)

## ਦੀਦਾਰ ਇਲਾਹੀ
## (ਅੱਲਾਹ ਦੇ ਦਰਸ਼ਨ)

ਜਿਹੜਾ ਮਨੁੱਖ ਇਸ ਸੰਸਾਰ ਵਿਚ ਖ਼ੁਦਾ ਦੇ ਦਰਸ਼ਨ ਤੋਂ ਬੇ-ਨਸੀਬ ਹੈ ਉਹ ਪਰਲੋਕ ਦੇ ਦਿਹਾੜੇ ਵੀ ਹਨੇਰੇ ਵਿਚ ਪਇਗਾ, ਇਸ ਸੰਬੰਧ ਵਿਚ ਖ਼ੁਦਾ ਦਾ ਇਹ ਕਥਨ ਹੈ :-

مَنْ كَانَ فِيْ هٰذِهٖٓ اَعْمٰى فَهُوَ فِى الْاٰخِرَةِ اَعْمٰى (بنی اسرائیل: ۷۳)

---

1 ਉਟ,

ਮਨਕਾ-ਨ ਫ਼ੀ ਹਾਜ਼ਿਹੀ ਆਅਮਾ ਫ਼ਹੁ-ਵ ਫ਼ਿਲਆਖ਼ਿ-ਰ-ਤਿ ਆਅਮਾ (ਬਨੀ ਇਸਰਾਈਲ: 73)

ਅਰਥਾਤ, ਜਿਹੜਾ ਮਨੁੱਖ ਇਸ ਦੁਨੀਆਂ ਵਿਚ ਅੰਨਾ ਹੋਇਗਾ ਉਹ ਕਿਆਮਤ ਦੇ ਦਿਹਾੜੇ ਵੀ ਅੰਨਾ ਹੀ ਹੋਇਗਾ"।

(ਰੂਹਾਨੀ ਖ਼ਜ਼ਾਇਨ ਭਾਗ: 13 ਪੰਨਾ: 65, ਕਿਤਾਬੁਲ–ਬਰੀਆ ਪੰਨਾ: 47)

## ਅੱਲਾਹ ਦਾ ਆਪਣੇ ਵਫ਼ਾਦਾਰ ਬੰਦਿਆਂ ਨਾਲ ਵਰਤਾਓ

"ਸੱਚ ਇਹ ਹੈ ਕਿ ਉਹ ਖ਼ੁਦਾ ਸਰਬ ਸ਼ਕਤੀਮਾਨ ਹੈ ਜਿਸ ਵਲ ਪ੍ਰੇਮ ਤੇ ਮੁਹੱਬਤ ਨਾਲ ਝੁਕਣ ਵਾਲੇ ਕਦੇ ਵੀ ਬਰਬਾਦ ਨਹੀਂ ਹੁੰਦੇ, ਦੁਸ਼ਮਣ ਆਖਦਾ ਹੈ ਕਿ ਮੈਂ ਆਪਣੀਆਂ ਵਿਉਂਤਾਂ ਨਾਲ ਉਹਨਾਂ ਨੂੰ ਨਸ਼ਟ ਕਰ ਦਿਆਂ, ਬੁਰਾ ਇਰਾਦਾ ਰੱਖਣ ਵਾਲਾ ਇਹ ਇਰਾਦਾ ਰਖਦਾ ਹੈ ਕਿ ਮੈਂ ਉਹਨਾਂ ਨੂੰ ਮਲਿਆਮੇਟ ਕਰ ਦਿਆਂ, ਪਰ ਖ਼ੁਦਾ ਫ਼ਰਮਾਉਂਦਾ ਹੈ ਕਿ ਹੇ ਅਨਜਾਣ ! ਕੀ ਤੂੰ ਮੇਰੇ ਨਾਲ ਲੜੇਂਗਾ ? ਅਤੇ ਮੇਰੇ ਪਿਆਰੇ ਨੂੰ ਜ਼ਲੀਲ ਕਰੇਂਗਾ, ਹਕੀਕਤ ਇਹ ਹੈ ਕਿ ਧਰਤੀ ਤੇ ਕੁਝ ਨਹੀਂ ਹੋ ਸਕਦਾ, ਪਰ ਸਵਾਇ ਉਸਦੇ ਜਿਸ ਦਾ ਫ਼ੈਸਲਾ ਪਹਿਲਾਂ ਹੀ ਆਕਾਸ਼ ਤੇ ਹੋ ਚੁੱਕਿਆ ਹੋਵੇ ਅਤੇ ਧਰਤੀ ਦਾ ਕੋਈ ਹੱਥ ਇੰਨਾਂ ਲੰਮਾਂ ਨਹੀਂ ਹੋ ਸਕਦਾ (ਅਰਥਾਤ ਕੋਈ ਉੱਚਾ ਰੁਤਬਾ ਨਹੀ ਪਾ ਸਕਦਾ) ਜਿੰਨਾਂ ਕਿ ਉਸਦੇ ਲੰਮੇ ਹੋਣ ਦਾ ਆਕਾਸ਼ ਤੇ ਫੈਸਲਾ ਹੋ ਚੁਕਾ ਹੋਵੇ, ਸੋ ਅੱਤਿਆਚਾਰ ਦੀਆਂ ਵਿਉਂਤਾਂ ਬਨਾਉਣ ਵਾਲੇ ਅਤਿ ਮੂਰਖ ਹਨ ਜੇਹੜੇ ਕਿ ਆਪਣੇ ਘ੍ਰਿਣਤ ਤੇ ਸ਼ਰਮ ਯੋਗ ਵਿਉਂਤਾਂ ਘੜ੍ਹਨ ਸਮੇਂ ਉਸ ਉੱਚਤਮ 1ਹਸਤੀ (ਅਰਥਾਤ ਅੱਲਾਹ) ਨੂੰ ਚੇਤੇ ਨਹੀਂ ਰੱਖਦੇ, ਜਿਸ ਦੇ ਇਰਾਦੇ ਤੋਂ ਬਿਨਾਂ ਇਕ ਪੱਤਾ ਵੀ ਨਹੀਂ ਹਿਲ ਸਕਦਾ, ਇਸ ਲਈ ਉਹ ਆਪਣੇ ਇਰਾਦਿਆਂ ਵਿਚ ਹਰ ਸਮੇਂ ਅਸਫ਼ਲ ਤੇ ਸ਼ਰਮਿੰਦਾ ਰਹਿੰਦੇ ਹਨ ਅਤੇ ਉਹਨਾਂ ਦੀਆਂ ਬੁਰਾਈਆਂ ਨਾਲ ਸੱਚਿਆਂ ਨੂੰ ਕੋਈ ਹਾਨੀ ਨਹੀਂ ਪਹੁੰਚਦੀ ਸਗੋਂ ਖ਼ੁਦਾ ਦੇ 2ਚਮਤਕਾਰ ਪ੍ਰਗਟ ਹੁੰਦੇ ਹਨ ਅਤੇ ਅੱਲਾਹ ਦੇ ਬੰਦਿਆਂ ਦੀ 3 ਮਾਅਰਫ਼ਤ ਵਿਚ ਵਾਧਾ ਹੁੰਦਾ ਹੈ।

1 ਵਿਅਕਤੀ 2 ਚਿੰਨ੍ਹ, ਨਿਸ਼ਾਨ 3 ਅੱਲਾਹ ਦੀ ਪਹਿਚਾਨ ਦਾ ਮਾਰਗ

ਖ਼ੁਦਾ ਭਾਵੇਂ ਏਹਨਾਂ ਨੇਤਰਾਂ ਰਾਹੀਂ ਵਿਖਾਈ ਨਹੀਂ ਦਿੰਦਾ, ਪਰ ਆਪਣੇ ਅੱਦਭੁਤ ਚਮਤਕਾਰਾਂ ਰਾਹੀਂ ਆਪਣੇ ਆਪ ਨੂੰ ਪ੍ਰਗਟ ਕਰ ਦਿੰਦਾ ਹੈ।

(ਰੂਹਾਨੀ ਖ਼ਜ਼ਾਇਨ ਭਾਗ: 13 ਪੰਨਾ: 19-20, ਕਿਤਾਬੁਲ-ਬਰੀਆ ਪੰਨਾ: 1-2)

"ਖ਼ੁਦਾ ਆਕਾਸ਼ ਤੇ ਧਰਤੀ ਦਾ ਨੂਰ ਹੈ, ਅਰਥਾਤ ਅਜਿਹਾ ਨੂਰ ਜਿਹੜਾ ਉੱਤੇ ਤੇ ਥੱਲੇ ਦਿਸ ਰਿਹਾ ਹੈ, ਭਾਵੇਂ ਉਹ ਆਤਮਾ ਵਿਚ ਹੈ, ਭਾਵੇਂ ਸਰੀਰ ਵਿਚ, ਭਾਵੇਂ ਆਪਣੇ ਆਪ ਵਿਚ ਜਾਂ ਪੁਲਾੜ ਵਿਚ, ਭਾਵੇਂ ਪ੍ਰਗਟ ਤੌਰ ਤੇ ਹੈ, ਭਾਵੇਂ ਅਲੋਪ ਰੂਪ ਵਿਚ, ਭਾਵੇਂ ਦਿਮਾਗ਼ੀ ਹੈ ਜਾਂ ਜ਼ਾਹਰਲਾ ਹੈ, ਉਹਦੀ ਕ੍ਰਿਪਾਲਤਾ ਦੀ ਇਕ ਦੇਣ ਹੈ ਇਹ ਇਸ ਵਲ ਸੰਕੇਤ ਹੈ ਕਿ

ਰੱਬਿਲ ਆ-ਲ ਮੀਨ

(ਅਰਥਾਤ ਉਹ ਅੱਲਾਹ ਸਾਰੇ ਜਹਾਨਾਂ ਦਾ ਸਾਜਨਹਾਰ ਤੇ ਪਾਲਨਹਾਰ ਹੈ)

ਉਸ ਦੀ ਆਮ ਕ੍ਰਿਪਾਲਤਾ ਨੇ ਹਰ ਇਕ ਚੀਜ਼ ਨੂੰ ਘੇਰੇ ਵਿਚ ਲੈ ਰੱਖਿਆ ਹੈ ਅਤੇ ਕੋਈ ਚੀਜ਼ ਉਸ ਦੀ ਕ੍ਰਿਪਾਲਤਾ ਤੋਂ ਸਖਨੀ ਨਹੀਂ, ਉਹੀ ਸਾਰੀਆਂ ਖ਼ੂਬੀਆਂ (ਅਰਥਾਰ ਰਹਿਮਤਾਂ) ਦਾ ਆਦਿ ਹੈ ਅਤੇ ਸਾਰੇ ਨੂਰਾਂ ਦਾ ਕਾਰਣ ਹੈ ਅਤੇ ਸਾਰੀਆਂ ਰਹਿਮਤਾਂ ਦਾ ਇਕ ਵੱਡਾ ਸੋਮਾ ਹੈ। ਉਸ ਦਾ ਸੱਚਾ ਵਜੂਦ ਹੀ ਸਾਰੇ ਸੰਸਾਰ ਨੂੰ ਕਾਇਮ ਰੱਖਣ ਵਾਲਾ ਹੈ ਅਤੇ ਹਰ ਇਕ ਤਬਾਹੀ ਦੀ ਓਟ ਉਹੀ ਹੈ। ਜਿਸ ਨੇ ਹਰ ਚੀਜ਼ ਨੂੰ ਅਣਹੋਂਦ ਦੇ ਪਰਦਿਆਂ ਵਿੱਚੋਂ ਬਾਹਰ ਕੱਢਿਆ ਅਤੇ ਉਸ ਨੂੰ ਸਰੀਰ ਰੂਪੀ ਜਾਮਾ ਬਖ਼ਸ਼ਿਆ। ਉਸ ਤੋਂ ਬਿਨਾਂ ਕੋਈ ਅਜਿਹਾ ਵਜੂਦ ਨਹੀਂ ਜਿਹੜਾ ਆਪਣੇ ਆਪ ਵਿਚ ਪੂਰਣ ਤੇ ਪੁਰਾਤਨ ਹੋਵੇ ਜਾਂ ਉਸ ਤੋਂ 1ਫੈਜ਼ ਪ੍ਰਾਪਤ ਨਾ ਕਰਦਾ ਹੋਵੇ, ਸਗੋਂ ਧਰਤੀ, ਆਕਾਸ਼, ਮਨੁੱਖ, ਪਸ਼ੂ ਪੱਥਰ ਰੁੱਖ ਆਤਮਾ ਅਤੇ ਸਰੀਰ ਉਸੇ ਦੀ ਕ੍ਰਿਪਾਲਤਾ ਵਜੋਂ ਹੋਂਦ ਵਿਚ ਆਏ ਹਨ।"

(ਰੂਹਾਨੀ ਖ਼ਜ਼ਾਇਨ ਭਾਗ: 10 ਪੰਨਾਂ: 443, ਇਸਲਾਮੀ ਅਸੂਲ ਕੀ ਫ਼ਲਾਸਫ਼ੀ ਪੰਨਾ: 128-129)

"2 ਹਮਦੋ 3 ਸਨਾ ਉਸੀ ਕੋ ਜੋ ਜ਼ਾਤਿ 4 ਜਾਵਦਾਨੀ
5 ਹਮਸਰ ਨਹੀਂ ਹੈ ਉਸ ਕਾ ਕੋਈ, ਨਾ ਕੋਈ 6 ਸਾਨੀ

1 ਬਖ਼ਸ਼ਸ਼ 2-3 ਤਾਰੀਫ਼ 4 ਅਮਰ 5 ਬਰਾਬਰੀ ਕਰਨ ਵਾਲਾ 6 ਜਿਹਾ, ਵਰਗਾ।

ਅਰਥ– ਸਭ ਤਾਰੀਫ਼ਾਂ ਉਸ ਖ਼ੁਦਾ ਨੂੰ ਸ਼ੋਭਦੀਆਂ ਹਨ, ਜਿਹੜਾ ਅਮਰ ਹੈ, ਅਤੇ ਕੋਈ ਵੀ ਉਸ ਦੀ ਬਰਾਬਰੀ ਕਰਨ ਵਾਲਾ ਨਹੀਂ ਅਤੇ ਨਾ ਹੀ ਕੋਈ ਉਸ ਜਿਹਾ (ਅਰਥਾਤ ਵਰਗਾ) ਹੈ।

ਬਾਕੀ ਵੁਹੀ ਹਮੇਸ਼ਾ ਗ਼ੈਰ ਉਸ ਕੇ ਸਭ ਹੈਂ ਫ਼ਾਨੀ
ਗ਼ੈਰੋਂ ਸੇ ਦਿਲ ਲਗਾਨਾ ਝੂਠੀ ਹੈ ਸਭ ਕਹਾਨੀ।

ਅਰਥ– ਉਹ ਸਦਾ ਤੋਂ ਅਮਰ ਹੈ, ਇਸ ਲਈ ਉਸ ਤੋਂ ਬਿਨਾ ਕਿਸੇ ਹੋਰ ਨਾਲ ਪ੍ਰੇਮ ਕਰਨਾ ਝੂਠੀ ਕਹਾਣੀ ਹੈ (ਅਰਥਾਤ ਵਿਅਰਥ ਹੈ)

ਸਭ ਗ਼ੈਰ ਹੈਂ ਵੁਹੀ ਹੈ, ਇਕ ਦਿਲ ਕਾ1 ਯਾਰ ਜਾਨੀ,
ਦਿਲ ਮੇਂ ਮੇਰੇ ਯਹੀ ਹੈ 2 ਸੁਬਹਾ-ਨ ਮੱਯਰਾਨੀ।

ਅਰਥ– ਉਸ (ਖ਼ੁਦਾ) ਤੋਂ ਬਿਨਾਂ ਮੈਨੂੰ ਸੱਭ ਗ਼ੈਰ ਵਿਖਾਈ ਦੇ ਰਹੇ ਹਨ, ਅਤੇ ਇਕ ਉਹ (ਖ਼ੁਦਾ) ਹੀ ਮੇਰੇ ਦਿਲ ਦਾ ਮਹਿਬੂਬ (ਪਿਆਰਾ) ਹੈ, ਅਤੇ ਮੇਰੇ ਦਿਲ ਚ ਤਾਂ ਸਦਾ ਉਸ ਪਾਕ ਖ਼ੁਦਾ ਦੀ ਯਾਦ ਵਸ ਰਹੀ ਹੈ ਜਿਸ ਨੂੰ ਮੈਂ ਵੇਖ ਚੁੱਕਾ ਹਾਂ।

ਸਭ ਕਾ ਵੁਹੀ 3ਸਹਾਰਾ, ਰਹਿਮਤ ਹੈ 4ਆਸ਼ਕਾਰਾ,
ਹਮ ਕੋ ਵੁਹੀ ਪਿਆਰਾ, 5 ਦਿਲਬਰ ਵੁਹੀ ਹਮਾਰਾ।

ਅਰਥ– ਉਹ (ਖ਼ੁਦਾ) ਸਾਰਿਆਂ ਦਾ ਆਸਰਾ ਹੈ, ਉਸ ਦੀ ਰਹਿਮਤ ਪ੍ਰਗਟ ਤੌਰ ਤੇ ਪਸਰੀ ਹੋਈ ਹੈ, ਇਸ ਲਈ ਸਾਨੂੰ ਉਹੀ ਪਿਆਰਾ ਹੈ ਅਤੇ ਉਹ ਹੀ ਸਾਡਾ ਪ੍ਰੀਤਮ ਹੈ।

ਉਸ ਬਿਨ ਨਹੀਂ ਗੁਜ਼ਾਰਾ, 6 ਗੈਰ ਉਸ ਕੇ ਝੂਠ ਸਾਰਾ ,
ਯਿਹ ਰੋਜ਼ ਕਰ ਮੁਬਾਰਕ, 7 ਸੁਬਹਾ-ਨ 8ਮੱਯਰਾਨੀ।

ਅਰਥ– (ਮੇਰਾ) ਉਸ (ਖ਼ੁਦਾ) ਤੋਂ ਬਿਨਾਂ ਗੁਜ਼ਾਰਾ ਨਹੀਂ ਹੋ ਸਕਦਾ, ਕਿਉਂਕਿ ਉਸ ਤੋਂ ਬਿਨਾਂ ਸਭ ਝੂਠ ਹੀ ਝੂਠ ਦਿਸ ਰਿਹਾ ਹੈ, ਇਹ ਦਿਹਾੜਾ ਮੈਨੂੰ ਮੁਬਾਰਕ ਹੋਵੇ ਕਿਉਂ-ਜੁ ਇਸ ਕਾਰਨ ਮੈਨੂੰ ਉਸ ਪਾਕ ਜ਼ਾਤ (ਅਰਥਾਤ ਖ਼ੁਦਾ) ਦੇ ਦੀਦਾਰ ਹੋਏ ਹਨ।

(ਰੂਹਾਨੀ ਖ਼ਜ਼ਾਇਨ ਭਾਗ: 12 ਪੰਨਾ: 319, ਮਹਿਮੂਦ ਕੀ ਆਮੀਨ ਪੰਨਾ: 3)

1. ਮਹਿਬੂਬ 2 ਪਾਕ ਹੈ ਉਹ ਖ਼ੁਦਾ ਜਿਸ ਨੂੰ ਮੈਂ ਵੇਖਿਆ ਹੈ

3 ਆਸਰਾ 4 ਪ੍ਰਗਟ 5 ਮਹਿਬੂਬ, ਪਿਆਰਾ 6 ਬਿਨਾ 7 ਪਾਕ

8 ਜਿਸ ਨੂੰ ਮੈਂ ਵੇਖਿਆ ਹੈ।

"ਮੈਂ ਸੱਚ ਸੱਚ ਕਹਿੰਦਾ ਹਾਂ ਕਿ ਜੇ ਕਰ ਆਤਮਾਵਾਂ ਵਿਚ ਸਚੀ ਭਾਲ ਉਤਪਨ ਹੋ ਜਾਵੇ ਅਤੇ ਦਿਲਾਂ ਵਿਚ ਤ੍ਰੇਹ ਲਗ ਜਾਵੇ ਤਾਂ ਲੋਕ ਏਸ ਮਾਰਗ ਨੂੰ ਲਭਣ ਅਤੇ ਇਸ ਰਾਹ ਦੀ ਖੋਜ ਵਿਚ ਲਗ ਜਾਣ, ਪਰ ਇਹ ਰਾਹ ਕਿਵੇਂ ਮਿਲੇਗੀ ਅਤੇ ਕਿਹੜੇ ਢੰਗ ਨਾਲ ਪਰਦਾ ਉਠੇਗਾ, ਮੈਂ ਸਭ ਇਛੁੱਕਾਂ ਨੂੰ ਇਹ ਵਿਸ਼ਵਾਸ ਦਿਲਾਉਂਦਾ ਹਾਂ ਕਿ ਕੇਵਲ ਇਸਲਾਮ ਧਰਮ ਹੀ ਹੈ, ਜਿਹੜਾ ਕਿ ਇਸ ਰਾਹ ਦੀ ਖ਼ੁਸ਼ਖ਼ਬਰੀ ਦਿੰਦਾ ਹੈ ਦੂਜੀਆਂ ਕੌਮਾਂ ਤਾਂ ਖ਼ੁਦਾ ਦੇ ਇਲਹਾਮ (ਅਰਥਾਤ ਉਸਦੇ ਕਲਾਮ ਜਾਂ ਬਾਣੀ) ਉੱਤੇ ਚਿਰ ਤੋਂ ਮੁਹਰ ਲਾ ਚੁੱਕੀਆਂ ਹਨ, ਇਸ ਲਈ ਵਿਸ਼ਵਾਸ ਰਖੋ, ਕਿ ਇਹ ਮੁਹਰ ਖ਼ੁਦਾ ਵੱਲੋਂ ਨਹੀਂ, ਸਗੋਂ ਬੰਦਾ ਆਪਣੀ ਬਦ ਨਸੀਬੀ ਕਾਰਨ ਅਜੇਹੇ ਹੀਲੇ ਘੜ ਲੈਂਦਾ ਹੈ ਅਤੇ ਇਹ ਵੀ ਸੱਚ ਸਮਝੋ ਕਿ ਜਿਵੇਂ ਇਹ ਅਸੰਭਵ ਹੈ ਕਿ ਅਸੀਂ ਬਿਨਾਂ ਅੱਖਾਂ ਤੋਂ ਵੇਖ ਸਕੀਏ, ਬਿਨਾਂ ਕੰਨਾਂ ਤੋਂ ਸੁਣ ਸਕੀਏ, ਬਿਨਾਂ ਜ਼ਬਾਨ ਤੋਂ ਬੋਲ ਸਕੀਏ। ਇਸੇ ਤਰ੍ਹਾਂ ਇਹ ਵੀ ਸੰਭਵ ਨਹੀਂ ਕਿ ਬਿਨਾਂ ਕੁਰਆਨ ਦੇ ਉਸ ਪਿਆਰੇ ਪ੍ਰੀਤਮ ਦਾ ਮੁਖ ਵੇਖ ਸਕੀਏ, ਮੈਂ ਗਭਰੂ ਸਾਂ, ਹੁਣ ਬਿਰਧ ਹਾਂ, ਪਰ ਮੈਂ ਕੋਈ ਨਾ ਵੇਖਿਆ ਜਿਸ ਨੇ ਇਸ ਪਵਿੱਤਰ ਸੋਮੇਂ (ਅਰਥਾਤ ਕੁਰਆਨ ਮਜੀਦ) ਬਿਨਾਂ ਇਸ ਪ੍ਰਗਟ 1 ਮਾਅਰਫ਼ਤ ਦਾ ਪਿਆਲਾ ਪੀਤਾ ਹੋਵੇ"।

(ਰੂਹਾਨੀ ਖਜ਼ਾਇਨ ਭਾਗ: 10 ਪੰਨਾ: 443, ਇਸਲਾਮੀ ਅਸੂਲ ਕੀ ਫ਼ਲਾਸਫ਼ੀ ਪੰਨਾ: 128-129)

"ਕਿਸ ਕਦਰ 2 ਜ਼ਾਹਿਰ ਹੈ ਨੂਰ-ਉਸ 3 ਮਬ-ਦ ਉਲ 4ਅਨਵਾਰ ਕਾ,
ਬਨ ਰਹਾ ਹੈ ਸਾਰਾ 5ਆਲਮ, 6ਆਈ-ਨ-ਏ 7ਅਬਸਾਰ ਕਾ।

ਅਰਥ-(ਉਹ ਖ਼ੁਦਾ) ਜਿਹੜਾ ਕਿ ਨੂਰਾਂ ਦਾ ਆਦਿ, ਮੁੱਢ ਜਾਂ ਸੋਮਾ ਹੈ, ਉਸ ਦਾ ਨੂਰ ਕਿਸ ਤਰ੍ਹਾਂ ਪ੍ਰਗਟ ਤੌਰ ਤੇ ਦਿਸ ਰਿਹਾ ਹੈ, ਕਿ ਸਾਰਾ ਸੰਸਾਰ ਉਸ ਨੂੰ ਵੇਖਣ ਲਈ ਅੱਖਾਂ ਲਈ ਇਕ ਸ਼ੀਸ਼ਾ ਬਣਿਆ ਹੋਇਆ ਹੈ (ਅਰਥਾਤ ਜਿਧਰ ਵੇਖੋ ਉਧਰ ਹੀ ਉਹਦੀਆਂ ਕੁਦਰਤਾਂ ਦੇ ਜਲਵੇ ਦਿਸ ਰਹੇ ਹਨ)

---

1 ਅੱਲਾਹ ਦੀ ਪਹਿਚਾਨ ਦਾ ਮਾਰਗ 2. ਪ੍ਰਗਟ 3. ਆਦਿ, ਮੁਢ, ਸੋਮਾ 4. ਨੂਰ ਦਾ ਬਹੁ ਵਚਨ 5. ਸੰਸਾਰ, ਦੁਨੀਆਂ 6. ਸ਼ੀਸ਼ਾ 7. ਅੱਖਾਂ

1 ਚਾਂਦ ਕੋ ਕਲ ਦੇਖ ਕਰ ਮੈ 2ਸਖਤ 3ਬੇਕਲ ਹੋ ਗਿਆ,
ਕਿਉਂਕਿ ਕੁੱਛ ਕੁੱਛ ਥਾ 4ਨਿਸ਼ਾਂ, ਉਸ ਮੇਂ 5 ਜਮਾਲੇ 6 ਯਾਰ ਕਾ

ਅਰਥ– ਜਦ ਕਲ ਮੈਂ ਚੰਦਰਮਾ ਨੂੰ ਵੇਖਿਆ, ਤਾਂ ਦੰਗ ਰਹਿ ਗਿਆ, ਕਿਉਂਕਿ ਉਸ ਵਿਚ ਮੈਨੂੰ ਮੇਰੇ ਯਾਰ (ਅਰਥਾਤ ਖ਼ੁਦਾ) ਦੀ ਸੁੰਦਰਤਾ ਤੇ ਹੁਸਨ ਦੇ ਕੁਝ ਕੁਝ ਚਿੰਨ੍ਹ ਦਿਸ ਰਹੇ ਸਨ।

ਉਸ ਬਹਾਰਿ ਹੁਸਨ ਕਾ ਦਿਲ ਮੇਂ ਹਮਾਰੇ ਜੋਸ਼ ਹੈ,
ਮਤ ਕਰੋ ਕੁਛ ਜ਼ਿਕਰ ਹਮ ਸੇ ਤੁਰਕ ਯਾ ਤਾਤਾਰ ਕਾ।

ਅਰਥ– ਕਿਉਂਕਿ ਸਾਡੇ ਦਿਲ ਵਿਚ ਉਸ (ਖੁਦਾ) ਦੀ ਸੁੰਦਰਤਾ ਦੀ ਮਸਤੀ ਦੀ ਖ਼ੁਸ਼ੀ ਵਿਦਮਾਨ ਹੈ, ਇਸ ਲਈ ਸਾਡੇ ਸਾਮਣੇ ਤੁਰਕ ਜਾਂ ਤਾਤਾਰ (ਅਰਥਾਤ ਉਹਨਾਂ ਦੇਸ਼ਾਂ ਦੇ ਬਾਦਸ਼ਾਹਾਂ ਦੀ ਸ਼ਾਨ-ਸ਼ੋਕਤ) ਦੇ ਵਰਨਣ ਦੀ ਲੋੜ ਨਹੀਂ ਹੈ।

ਹੈ 7 ਅਜਬ 8 ਜਲਵਾ ਤੇਰੀ ਕੁਦਰਤ ਕਾ ਪਿਆਰੇ ਹਰ 9 ਤਰਫ਼,
ਜਿਸ ਤਰਫ਼ ਦੇਖੇਂ ਵੁਹੀ ਰਾਹ ਹੇ ਤੇਰੇ 10 ਦੀਦਾਰ ਕਾ।

ਅਰਥ–(ਹੇ ਸਾਡੇ ਪਿਆਰੇ ਖ਼ੁਦਾ) ਤੇਰੀ ਕੁਦਰਤ ਦੇ ਦ੍ਰਿਸ਼ (ਲਸ਼ਕਾਰੇ) ਸਾਨੂੰ ਹਰ ਪਾਸੇ ਵਿਖਾਈ ਦੇ ਰਹੇ ਹਨ, ਅਸੀਂ ਜਿਸ ਪਾਸੇ ਵੀ ਵੇਖਦੇ ਹਾਂ ਉਹੀ ਪਾਸਾ ਜਾਂ ਰਾਹ ਤੇਰੇ ਦਰਸ਼ਨਾ ਦੀ ਰਾਹ ਪ੍ਰਤੀਤ ਹੁੰਦੀ ਹੈ।

11 ਚਸ਼-ਮ-ਏ 12 ਖ਼ੁਰਸ਼ੀਦ ਮੇਂ 13 ਮੌਜੇਂ ਤੇਰੀ 14 ਮਸ਼ਹੂਦ ਹੈਂ
ਹਰ ਸਤਾਰੇ ਮੇਂ15 ਤਮਾਸ਼ਾ ਹੈ ਤੇਰੀ16 ਚਮਕਾਰ ਕਾ।

ਅਰਥ– (ਹੇ ਖ਼ੁਦਾ) ਤੇਰੇ ਹੁਸਨ ਦੀਆਂ ਲਹਿਰਾਂ (ਅਰਥਾਤ ਕਿਰਨਾਂ) ਸੂਰਜ ਦੀਆਂ ਅੱਖਾਂ (ਅਰਥਾਤ ਕਿਰਨਾਂ) ਵਿਚ ਵੀ ਦਿਸ ਰਹੀਆਂ ਹਨ ਅਤੇ ਹਰ ਇਕ ਸਤਾਰੇ ਵਿਚ ਤੇਰੇ ਹੁਸਨ ਦੀ ਰੋਸ਼ਨੀ ਦਾ ਜਲਵਾ (ਨਜ਼ਾਰਾ) ਵਿਦਮਾਨ ਹੈ।

ਤੂ ਨੇ ਖੁਦ17ਰੂਹੋਂ ਪੇ ਆਪਣੇ ਹਾਥ ਸੇਂ ਛਿੜਕਾ ਨਮਕ,
ਇਸ ਸੇ ਹੈ ਸ਼ੋਰਿ-ਮੁਹੱਬਤ 18ਆਸ਼ਕਾਨਿ ਜ਼ਾਰ ਕਾ।

---

1. ਚੰਦਰਮਾ 2. ਬਹੁਤ ਜ਼ਿਆਦਾ, ਅਤਿ 3. ਹੈਰਾਨ, ਪਰੇਸ਼ਾਨ
4 ਚਿੰਨ੍ਹ 5 ਸੁੰਦਰਤਾ, ਹੁਸਨ 6. ਮਹਿਬੂਬ (ਅਰਥਾਤ ਖੁਦਾ)
7 ਅਦਭੁਤ 8 ਲਸ਼ਕਾਰਾ 9 . ਪਾਸੇ 10 ਦਰਸ਼ਨ
11 ਅੱਖਾਂ 12 ਸੂਰਜ 13 ਲਹਿਰਾਂ 14 ਵਿਦਮਾਨ 15 ਨਜ਼ਾਰਾ 16 ਰੋਸ਼ਨੀ
17 ਆਤਮਾਵਾਂ 18 ਫ਼ਰਿਆਦ ਕਰਨ ਵਾਲੇ ਪ੍ਰੇਮੀ।

ਅਰਥ– (ਹੇ ਖ਼ੁਦਾ) ਤੁਸਾਂ ਆਪ ਹੀ (ਆਪਣੇ ਪਿਆਰ ਭਰੇ) ਹੱਥਾਂ ਨਾਲ ਆਪਣੀ ਮੁਹੱਬਤ ਦੇ ਨਮਕ ਦਾ ਰੂਹਾਂ ਉਤੇ ਛੜਕਾਓ ਕੀਤਾ ਹੈ (ਅਰਥਾਤ ਉਹਨਾਂ ਨੂੰ ਆਪਣੀ ਮੁਹੱਬਤ ਦਾ ਚਸਕਾ ਲਾਇਆ ਹੈ) ਇਹੀ ਕਾਰਨ ਹੈ ਕਿ (ਤੇਰੀ ਹਜ਼ੂਰੀ ਵਿਚ) ਫ਼ਰਿਆਦਾਂ ਕਰਨ ਵਾਲੇ ਤੇਰੇ ਆਸ਼ਕਾਂ (ਅਰਥਾਤ ਪ੍ਰੇਮੀਆਂ) ਦਾ (ਤੇਰੀ ਮੁਹੱਬਤ ਦੀ ਪ੍ਰਾਪਤੀ ਲਈ) ਇਕ ਸ਼ੋਰ ਪੈ ਰਿਹਾ ਹੈ।

ਕਿਯਾ ਅਜਬ ਤੂੰ ਨੇ ਹਰਇਕ 1ਜ਼ੱਰੇ ਮੇਂ ਰੱਖੇ ਹੈਂ 2 ਖ਼ਵਾਸ,
ਕੌਣ ਪੜ੍ਹ ਸਕਤਾ ਹੈ ਸਾਰਾ 3ਦਫ਼ਤਰ ਇਨ 4ਅਸਰਾਰ ਕਾ।

ਅਰਥ – (ਹੇ ਖ਼ੁਦਾ) ਤੁਸਾਂ ਹਰਇਕ ਨਿੱਕੇ ਤੋਂ ਨਿੱਕੇ ਕਣ ਵਿਚ ਵੀ ਅਦੱਭੁਤ ਗੁਝੇ ਭੇਤ ਲੁਕਾ ਰੱਖੇ ਹਨ, ਆਜਿਹਾ ਕੌਣ ਹੈ ? ਜੋ ਤੇਰੇ ਇਹਨਾਂ ਗੁਝੇ ਭੇਤ ਰੱਖਣ ਵਾਲੇ ਦਫ਼ਤਰਾਂ ਦੀ ਪੜਤਾਲ ਕਰ ਸਕੇ।

ਤੇਰੀ ਕੁਦਰਤ ਕਾ ਕੋਈ ਭੀ 5 ਇਨਤਿਹਾ ਪਾਤਾ ਨਹੀਂ,
ਕਿਸ ਸੇ ਖੁਲ ਸਕਤਾ ਹੈ, 6ਪੇਚ ਇਸ 7ਉਕ-ਦ-ਏ 8ਦੁਸ਼ਵਾਰ ਕਾ।

ਅਰਥ– (ਹੇ ਖ਼ੁਦਾ) ਤੇਰੀ ਕੁਦਰਤ ਦਾ ਕੋਈ ਵੀ ਅੰਤ ਨਹੀ ਪਾ ਸਕਦਾ, ਤੇਰੇ ਕੁਦਰਤ ਦੇ ਏਹਨਾਂ ਕਠਨ ਭੇਤਾਂ ਦੀ ਗੁੰਝਲ ਕਿਵੇਂ ਤੇ ਕਿਸ ਤੋਂ ਖੁਲ ਸਕਦੀ ਹੈ।

9ਖ਼ੂਬ ਰੂਓਂ ਮੇਂ 10ਮਲਾਹਤ ਹੈ ਤੇਰੇ ਉਸ ਹੁਸਨ ਕੀ,
ਹਰ 11 ਗੁਲੋ-12ਗੁਲਸ਼ਨ ਮੇਂ ਹੈ ਰੰਗ ਇਸ ਤੇਰੀ 13ਗੁਲਜ਼ਾਰ ਕਾ।

ਅਰਥ – (ਹੇ ਖ਼ੁਦਾ) ਤੇਰੇ ਉਸ ਹੁਸਨ ਦੀ ਖ਼ੂਬਸੂਰਤੀ ਹਰ ਇਕ ਹੁਸੀਨ ਵਿਚ ਦਿਸ ਰਹੀ ਹੈ ਇਸੇ ਤਰ੍ਹਾਂ ਹਰ ਫੁਲ ਅਤੇ ਫੁਲਵਾੜੀ ਵਿਚ ਤੇਰੇ ਹੁਸਨ ਦੀ ਨੁਹਾਰ ਦਾ ਰੰਗ ਚੜ੍ਹਿਆ ਹੋਇਆ ਹੈ।

14ਚਸ਼ਮਿ-ਮਸਤਿ ਹਰ ਹਸੀਂ ਹਰ ਦਮ ਦਿਖਾਤੀ ਹੈ ਤੁਝੇ,
ਹਾਥ ਹੈ ਤੇਰੀ ਤਰਫ਼ ਹਰ 15 ਗੈਸੂਏ 16 ਖ਼ਮਦਾਰ ਕਾ।

---

1 ਕਿਸੇ ਚੀਜ਼ ਦਾ ਨਿੱਕੇ ਤੋਂ ਨਿੱਕਾ ਭਾਗ:, ਕੰਣ 2 ਤਾਸੀਰ 3 ਹਿਸਾਬ ਕਿਤਾਬ ਰਖਣ ਵਾਲੀਆਂ ਪੁਸਤਕਾਂ ਜਾਂ ਰਜਿਸਟਰ 4 ਭੇਤ 5 ਅੰਤ 6 ਵਲ੍ਹ, ਗੁੰਝਲ 7 ਰਾਜ਼, ਭੇਤ 8 ਕਠਨ 9 ਹਸੀਨ, ਬਹੁਤ ਸੁੰਦਰ 10 ਖ਼ੂਬਸੂਰਤੀ 11 ਫੁਲ 12 ਫੁਲਵਾੜੀ 13 ਫੁਲਵਾੜੀ 14 ਅੱਖ 15 ਲੰਮੀਆਂ ਜ਼ੁਲਫ਼ਾਂ 16 ਵਲ੍ਹ ਖਾਧੇ, ਪੇਚਦਾਰ, ਮੁੜੇ ਹੋਏ।

ਅਰਥ–(ਹੇ ਖ਼ੁਦਾ) ਮਸਤ ਅੱਖਾਂ ਵਾਲੀ ਹੁਸੀਨ (ਸੁੰਦਰੀ) ਦੀ ਮਸਤ ਅੱਖ ਵੀ ਹਰ ਘੜੀ ਤੇਰੀ ਸੁੰਦਰਤਾ ਨੂੰ ਹੀ ਦਿਖਾ ਰਹੀ ਹੈ, ਅਤੇ ਲੰਮੀਆਂ ਪੇਚਦਾਰ ਤੇ ਵਲ ਖਾਂਦੀਆਂ ਜ਼ੁਲਫ਼ਾਂ ਦੇ ਹਥ ਵੀ ਤੇਰੇ ਵਲ ਹੀ ਵਧਦੇ ਵਿਖਾਈ ਦੇ ਰਹੇ ਹਨ।

(ਰੂਹਾਨੀ ਖ਼ਜ਼ਾਇਨ ਭਾਗ: 2 ਪੰਨਾ: 52, ਸੁਰਮਾ ਚਸ਼ਮ ਆਰੀਆ ਪੰਨਾ: 4 ਕਵਿਤਾ ਚੋਂ)

"[1]ਤੌਹੀਦ ਇਕ ਨੂਰ ਹੈ ਜਿਹੜਾ ਕਿ ਆਕਾਸ਼ੀ ਤੇ ਜ਼ਮੀਨੀ ਇਸ਼ਟਾਂ ਦਾ ਇਨਕਾਰ ਕਰਨ ਨਾਲ ਦਿਲ ਵਿਚ ਪੈਦਾ ਹੁੰਦਾ ਹੈ ਅਤੇ ਸਰੀਰ ਦੇ ਕਣ ਕਣ ਵਿਚ ਰਚ ਜਾਂਦਾ ਹੈ। ਉਹ ਖ਼ੁਦਾ ਤੇ ਉਸਦੇ ਰਸੂਲ (ਅਰਥਾਤ ਹਜ਼ਰਤ ਮੁਹੰਮਦ ਸਲ-ਲੱਲਾਹੁ ਅਲੈਹਿ ਵਸੱਲਮ) ਤੋਂ ਬਿਨਾਂ ਆਪਣੀ ਸ਼ਕਤੀ ਦੁਆਰਾ ਕਿਵੇਂ ਪ੍ਰਾਪਤ ਕੀਤਾ ਜਾ ਸਕਦਾ ਹੈ ? ਮਨੁੱਖ ਦਾ ਇਹ ਕੰਮ ਹੈ ਕਿ ਉਹ ਇਸ ਹਉਮੇ ਨੂੰ ਮਾਰ ਲਵੇ ਅਤੇ ਸ਼ੈਤਾਨੀ ਹੰਕਾਰ ਨੂੰ ਤਿਆਗ ਦੇਵੇ ਕਿ ਮੇਰਾ ਜਨਮ ਵਿਦਵਾਨਾਂ ਵਿਚ ਹੋਇਆ ਹੈ ਅਤੇ ਇਕ ਤੁਛ ਮਨੁੱਖ ਵਾਂਗ ਆਪਣੇ ਆਪ ਨੂੰ ਸਮਝੇ ਤੇ ਦੁਆ (ਅਰਦਾਸ) ਵਿਚ ਲੀਨ ਰਹੇ। ਤਦ ਤੌਹੀਦ ਦਾ ਨੂਰ ਖ਼ੁਦਾ ਵੱਲੋਂ ਉਸ ਉੱਤੇ ਉਤਰੇਗਾ ਅਤੇ ਇਕ ਨਵਾਂ ਜੀਵਨ ਉਸਨੂੰ ਬਖ਼ਸ਼ੇਗਾ।"

(ਰੂਹਾਨੀ ਖ਼ਜ਼ਾਇਨ ਭਾਗ: 22, ਪੰਨਾ: 148 ਹਕੀ-ਕ ਤੁਲਵਹੀ)

---

1 ਇਕ ਈਸ਼ਵਰ ਵਾਦ

# ਹਜ਼ਰਤ ਮੁਹੰਮਦ ਸਾਹਿਬ ਜੀ ਮਹਾਰਾਜ ਰਸੂਲੁੱਲਾਹ ਸਲ-ਲੱਲਾਹੁ ਅਲੈਹਿ ਵਸਲੱਮ ( ਅੱਲਾਹ ਦੀ ਆਪ ਤੇ ਸਲਾਮਤੀ ਹੋਵੇ)

"ਉਹ ਸਰੇਸ਼ਟ ਕਿਸਮ ਦਾ ਨੂਰ ਜਿਹੜਾ ਕਿ ਇਨਸਾਨ ਨੂੰ ਦਿੱਤਾ ਗਿਆ, ਅਰਥਾਤ ਪੂਰਨ ਇਨਸਾਨ (ਹਜ਼ਰਤ ਮੁਹੰਮਦ ਸਲ-ਲੱਲਾਹੁ ਅਲੈਹਿ ਵਸੱਲਮ) ਨੂੰ। ਉਹ ਫ਼ਰਿਸ਼ਤਿਆਂ ਵਿਚ ਨਹੀਂ ਸੀ, ਸਤਾਰਿਆਂ ਵਿਚ ਨਹੀਂ ਸੀ, ਚੰਦਰਮਾ ਵਿਚ ਨਹੀਂ ਸੀ, ਸੂਰਜ ਵਿਚ ਨਹੀਂ ਸੀ, ਉਹ ਧਰਤੀ ਦੇ ਸਾਗਰਾਂ, ਦਰਿਆਵਾਂ ਵਿਚ ਵੀ ਨਹੀਂ ਸੀ, 1 ਲਾਅਲ, 2 ਯਾਕੂਤ, 3 ਜ਼ਮੁਰਦ, 4 ਅਲਮਾਸ ਵਿਚ ਵੀ ਨਹੀਂ ਸੀ, ਗਲ ਕੀ ਧਰਤੀ ਜਾਂ ਆਕਾਸ਼ ਦੀ ਕਿਸੇ ਚੀਜ਼ ਵਿਚ ਨਹੀਂ ਸੀ। ਕੇਵਲ ਮਨੁੱਖ ਵਿਚ ਸੀ ਜਿਸਦਾ ਪੂਰਨ ਤੇ ਸਰੇਸ਼ਟ ਨਮੂਨਾ ਸਾਡੇ ਸਰਦਾਰ, ਮਾਲਕ ਅਤੇ ਸਾਰੇ ਪੈਗੰਬਰਾਂ ਦੇ ਸਰਦਾਰ ਹਜ਼ਰਤ ਮੁਹੰਮਦ ਸਲ-ਲੱਲਾਹੁ ਅਲੈਹਿ ਵਸਲੱਮ ਹਨ।

ਇਸ ਲਈ ਉਹ ਨੂਰ ਉਸ ਮਨੁੱਖ ਨੂੰ ਦਿੱਤਾ ਗਿਆ ਅਤੇ ਨੇੜਤਾ ਅਨੁਸਾਰ ਉਸ ਦੇ ਸਮੁੱਚੇ ਰੰਗ ਵਿਚ ਢਲਣ ਵਾਲਿਆਂ ਨੂੰ ਵੀ। ਭਾਵ ਇਹ ਕਿ ਉਹਨਾਂ ਸਾਰਿਆਂ ਮਨੁੱਖਾਂ ਨੂੰ ਵੀ, ਜਿਹੜੇ ਉਸ ਦਾ ਰੰਗ ਰੱਖਦੇ ਹਨ—ਅਤੇ ਇਹ ਉਚੱਤਮ, ਪੂਰਨ——— ਅਤੇ ਸਰੇਸ਼ਟ ਸ਼ਾਨ ਕੇਵਲ ਸਾਡੇ ਸਰਦਾਰ ਅਤੇ ਮਾਲਕ ਹਜ਼ਰਤ ਮੁਹੰਮਦ ਸਲ-ਲੱਲਾਹੁ ਅਲੈਹਿ ਵਸਲੱਮ ਵਿਚ ਹੀ ਪਾਈ ਜਾਂਦੀ ਹੈ।

(ਰੂਹਾਨੀ ਖ਼ਜ਼ਾਇਨ ਭਾਗ: 5 ਪੰਨਾ: 160-162, ਆਈ-ਨ ਕਮਾਲਾਤਿ ਇਸਲਾਮ)

"ਸੋ ਮੈਂ ਹੈਰਾਨੀ ਦੀ ਨਿਗਾਹ ਨਾਲ ਵੇਖਦਾ ਹਾਂ ਕਿ ਇਹ ਅਰਬੀ ਨਬੀ ਜਿਹਦਾ ਨਾਂ (ਹਜ਼ਰਤ) ਮੁਹੰਮਦ ਹੈ (ਹਜ਼ਾਰ ਹਜ਼ਾਰ ਉਸ ਤੇ ਸਲਾਮਤੀ ਹੋਵੇ) ਕਿਸ ਉੱਚੇ ਮਰਤਬੇ ਦਾ ਨਬੀ ਹੈ। ਉਸ ਦੇ ਉੱਚੇ

1-2-3-4 ਅਮੁੱਲੇ ਮੋਤੀਆਂ ਦੇ ਨਾਂ ਹਨ

ਮਰਤਬੇ ਦੇ ਅੰਤ ਦਾ ਪਤਾ ਨਹੀਂ ਲਗ ਸਕਦਾ ਅਤੇ ਉਸ ਦੀ ਪਵਿੱਤਰ ਤਾਸੀਰ ਦਾ ਅਨੁਮਾਨ ਲਾਉਣਾ ਇਨਸਾਨ ਦਾ ਕੰਮ ਨਹੀਂ। ਅਫ਼ਸੋਸ ! ਕਿ ਜਿਹਾ ਹਕ ਉਸ ਦੀ ਪਹਿਚਾਨ ਦਾ ਹੈ ਉਸ ਦੇ ਮਰਤਬੇ ਨੂੰ ਪਹਿਚਾਨਿਆ ਨਹੀਂ ਗਿਆ। ਉਹ ਤੌਹੀਦ ਜਿਹੜੀ ਕਿ ਉੱਕਾ ਹੀ ਅਲੋਪ ਹੋ ਚੁੱਕੀ ਸੀ। ਉਹੀ ਇਕ ਪਹਿਲਵਾਨ ਹੈ, ਜਿਸ ਨੇ ਮੁੜ ਉਸ ਨੂੰ ਦੁਨੀਆਂ ਵਿਚ ਲਿਆਂਦਾ। ਉਸ ਨੇ ਖ਼ੁਦਾ ਨਾਲ ਅਤਿ ਦਰਜੇ ਦੀ ਮੁਹੱਬਤ ਕੀਤੀ ਅਤੇ ਮਨੁੱਖਤਾ ਦੀ ਹਮਦਰਦੀ ਵਿਚ ਉਸ ਦੀ ਜਾਨ ਪਿਘਲ ਗਈ। ਇਸ ਲਈ ਖ਼ੁਦਾ ਨੇ ਜਿਹੜਾ ਉਸ ਦੇ ਦਿਲ ਦਾ ਭੇਤੀ ਸੀ ਉਸ ਨੂੰ ਸਾਰੇ ਨਬੀਆਂ ਅਤੇ ਸਾਰੇ ਭੂਤ ਕਾਲ ਤੇ ਭਵਿੱਖਤ ਵਿਚ ਆਉਣ ਵਾਲਿਆਂ ਉੱਤੇ ਵੱਡਿਆਈ ਬਖ਼ਸ਼ੀ ਅਤੇ ਉਸ ਦੀਆਂ ਮੁਰਾਦਾਂ ਉਸ ਦੀ ਜ਼ਿੰਦਗੀ ਵਿਚ ਹੀ ਉਸ ਨੂੰ ਦੇ ਦਿੱਤੀਆਂ ਹਨ।

(ਰੂਹਾਨੀ ਖ਼ਜ਼ਾਇਨ ਭਾਗ: 22 ਪੰਨਾ: 118-119, ਹਕੀ-ਕ ਤੁਲ ਵਹੀ)

"ਸਾਡੇ ਨਬੀ ਹਜ਼ਰਤ ਮੁਹੰਮਦ ਸਲ-ਲੱਲਾਹੁ ਅਲੈਹਿ ਵਸੱਲਮ ਸਾਰੇ ਨਬੀਆਂ ਦੇ ਨਾਂ ਆਪਣੇ ਆਪ ਵਿਚ ਰਖਦੇ ਹਨ। ਕਿਉਂਕਿ ਆਪ ਦੀ ਸ਼ਖ਼ਸੀਅਤ ਸਭ ਪਵਿੱਤਰ ਵਡਿਆਈਆਂ ਦਾ ਇਕ ਗੁਲਦਸਤਾ ਸੀ। ਸੋ ਉਹ ਮੂਸਾ, ਈਸਾ ਆਦਮ, ਯੂਸਫ਼, ਇਬਰਾਹੀਮ ਅਤੇ ਯਾਕੂਬ ਵੀ ਹੈ। ਇਸੇ ਵਲ ਅੱਲਾਹ ਨੇ ਸੰਕੇਤ ਕੀਤਾ ਹੈ :-

فَبِهُدَاهُمُ اقْتَدِهْ (سورۃ انعام آیت ۹۱)

ਫ਼ਬਿਹੁਦਾਹੁ ਮੁਕ-ਤ ਦਿਹ

(ਸੂਰਤ ਇਨਆਮ ਆਇਤ: 91)

ਅਰਥਾਤ- ਹੇ ਰਸੂਲ ! ਉਹਨਾਂ ਭਿੰਨ ਭਿੰਨ ਮਾਰਗਾਂ ਨੂੰ ਆਪਣੇ ਆਪ ਵਿਚ ਇਕੱਠਿਆਂ ਕਰ ਲੈ, ਜੇਹੜੇ ਕਿ ਹਰ ਨਬੀ ਵਿਸ਼ੇਸ਼ ਤੌਰ ਤੇ ਆਪਣੇ ਅੰਦਰ ਰੱਖਦਾ ਸੀ। ਸੋ ਇਸ ਤੋਂ ਸਿਧ ਹੁੰਦਾ ਹੈ ਕਿ ਸਾਰੇ ਨਬੀਆਂ ਦੀ ਸ਼ਾਨ ਹਜ਼ਰਤ ਮੁਹੰਮਦ ਸਲ-ਲੱਲਾਹੁ ਅਲੈਹਿ ਵਸੱਲਮ ਦੀ ਸ਼ਖ਼ਸੀਅਤ ਵਿਚ ਵਿਦਮਾਨ ਸੀ ਅਤੇ ਸੱਚ ਤਾਂ ਇਹ ਹੈ ਕਿ ਹਜ਼ਰਤ ਮੁਹੰਮਦ ਸਲ-ਲੱਲਾਹੁ ਅਲੈਹਿ ਵਸੱਲਮ ਦਾ ਨਾਂ ਹੀ ਇਸ ਵਲ ਇਸ਼ਾਰਾ ਕਰਦਾ ਹੈ ਕਿ ਉਹ "ਮੁਹੰਮਦ" ਅਤਿ ਤਾਰੀਫ਼ ਕੀਤਾ ਗਿਆ ਹੈ ਅਤੇ ਅਤਿ ਦਰਜੇ ਦੀ ਤਾਰੀਫ਼ ਤਦ ਹੀ ਹੋ ਸਕਦੀ ਹੈ ਜਦ

ਕਿ ਵਖ ਵਖ ਨਬੀਆਂ ਦੇ ਵਿਸ਼ੇਸ਼ ਗੁਣ ਹਜ਼ਰਤ ਮੁਹੰਮਦ ਸਲਅਮ ਦੀ ਸ਼ਖ਼ਸੀਅਤ ਵਿਚ ਇਕੱਠੇ ਹੋਣ"।

(ਰੂਹਾਨੀ ਖ਼ਜ਼ਾਇਨ ਭਾਗ: 22 ਪੰਨਾ : 118-119 ਹਕੀ-ਕ ਤੁਲਵਹੀ)

"ਮੈਨੂੰ ਸਮਝਾਇਆ ਗਿਆ ਹੈ ਕਿ ਸਾਰੇ ਰਸੂਲਾਂ ਵਿੱਚੋਂ ਪੂਰਨ, ਸਰੇਸ਼ਟ ਅਤੇ ਉੱਚੇ ਦਰਜੇ ਦੀ ਪਵਿੱਤਰ ਤੇ ਹਿਕਮਤ ਭਰਪੂਰ ਸਿੱਖਿਆ ਦੇਣ ਵਾਲੇ ਅਤੇ ਇਨਸਾਨੀ ਗੁਣਾ ਦਾ ਆਪਣੇ ਜੀਵਨ ਰਾਹੀਂ ਨਮੂਨਾ ਦਿਖਾਉਣ ਵਾਲੇ ਕੇਵਲ ਸਾਡੇ ਸਰਦਾਰ, ਮਾਲਕ ਹਜ਼ਰਤ ਮੁਹੰਮਦ ਸਲ-ਲੱਲਾਹੁ- ਅਲੈਹਿ ਵਸੱਲਮ ਹੀ ਹਨ।"

(ਰੂਹਾਨੀ ਖ਼ਜ਼ਾਇਨ ਭਾਗ: 1 ਪੰਨਾ: 345 ਅਰ-ਬ ਈਨ ਨੰ: 1 ਪੰਨਾ: 3)

"ਅਸੀਂ ਜਦ ਨਿਆਂ ਦੀ ਦ੍ਰਿਸ਼ਟੀ ਨਾਲ ਵੇਖਦੇ ਹਾਂ ਤਾਂ ਨਬੀਆਂ ਦੀ ਲੜੀ ਵਿਚ ਸਰੇਸ਼ਟ ਦਰਜੇ ਦਾ ਬਹਾਦੁਰ, ਅਮਰ ਅਤੇ ਖ਼ੁਦਾ ਦਾ ਅਤਿ ਪਿਆਰਾ ਨਬੀ ਕੇਵਲ ਇਕ ਹੀ ਮਨੁੱਖ (ਅਰਥਾਤ ਹਜ਼ਰਤ ਮੁਹੰਮਦ ਸਲਅਮ) ਨੂੰ ਜਾਣਦੇ ਹਾਂ।"

(ਰੂਹਾਨੀ ਖ਼ਜ਼ਾਇਨ ਭਾਗ: 12 ਪੰਨਾ: 82 ਸਿਰਾਜਿ ਮੁਨੀਰ)

"ਉਹ ਜਿਹੜਾ ਅਰਬ ਦੇਸ਼ ਦੇ ਮਾਰੂ-ਥਲ ਵਿਚ ਇਕ ਅਦਭੁਤ ਘਟਨਾ ਵਾਪਰੀ ਕਿ ਲਖਾਂ ਮੁਰਦੇ ਦਿਨਾਂ ਵਿਚ ਜੀਊਂਦੇ ਹੋ ਗਏ, ਪੀੜੀਆਂ ਦੇ ਵਿਗੜੇ ਅੱਲਾਹ ਦਾ ਰੰਗ ਫੜ੍ਹ ਗਏ, ਅੱਖਾਂ ਦੇ ਅੰਨ੍ਹੇ ਸੁਜਾਖੇ ਹੋ ਗਏ। ਗੁੰਗਿਆਂ ਦੀ ਜ਼ਬਾਨ ਉੱਤੇ ਅੱਲਾਹ ਦੀ ਪਹਿਚਾਨ ਦੇ ਗੀਤ ਜਾਰੀ ਹੋ ਗਏ ਅਤੇ ਦੁਨੀਆਂ ਵਿਚ ਵੇਖਦੇ ਹੀ ਵੇਖਦੇ ਇਕ ਇਨਕਲਾਬ ਪੈਦਾ ਹੋ ਗਿਆ, ਕਿ ਨਾ ਪਹਿਲਾਂ ਕਿਸੇ ਅੱਖ ਨੇ ਵੇਖਿਆ, ਨਾ ਕਿਸੇ ਕੰਨ੍ਹ ਨੇ ਸੁਣਿਆ। ਕੁਝ ਜਾਣਦੇ ਓ! ਕਿ ਉਹ ਕੀ ਸੀ ? ਇਕ ਅੱਲਾਹ ਦੇ ਪਿਆਰ ਵਿਚ ਲੀਨ ਹੋਏ ਇਕ ਫ਼ਾਨੀ ਦੀਆਂ ਹਨੇਰੀ ਰਾਤ ਦੀਆਂ ਅਰਦਾਸਾਂ ਹੀ ਸਨ। ਜੇਹਨਾਂ ਨੇ ਦੁਨੀਆਂ ਵਿਚ ਇਕ ਸ਼ੋਰ ਪੈਦਾ ਕਰ ਦਿੱਤਾ ਅਤੇ ਉਹਨੇਂ (ਅਰਥਾਤ ਹਜ਼ਰਤ ਮੁਹੰਮਦ ਸਲਅਮ) ਨੇ ਉਹ ਅਨਹੋਣੀਆਂ ਗੱਲਾਂ ਕਰ ਵਿਖਾਈਆਂ ਜੇਹੜੀਆਂ ਕਿ ਉਸ ਅਨ-ਪੜ੍ਹ ਅਤੇ ਕਮਜ਼ੋਰ ਤੋਂ ਹੋਣੀਆਂ ਅਸੰਭਵ ਦਿਸ ਰਹੀਆਂ ਸਨ।"

اَللّٰھُمَّ صَلِّ وَسَلِّمْ وَبَارِكْ عَلَیْهِ وَاٰلِهٖ بِعَدَدِ ھَمِّهٖ وَ غَمِّهٖ وَحُزْنِهٖ لِھٰذِهِ الْاُمَّةِ وَاَنْزِلْ عَلَیْهِ اَنْوَارَ رَحْمَتِكَ اِلَی الْاَبَدِ -

(ਰੂਹਾਨੀ ਖ਼ਜ਼ਾਇਨ ਭਾਗ: 6 ਪੰਨਾ: 10-11 ਬਰਕਾ — ਤੁਦੂਆ)

"ਸਾਰੀ ਮਨੁੱਖਤਾ ਲਈ ਹੁਣ ਕੋਈ ਰਸੂਲ (ਪੈਗੰਬਰ) ਸਫ਼ਾਰਸ਼ ਕਰਨ ਵਾਲਾ ਹਜ਼ਰਤ ਮੁਹੰਮਦ ਸਲ-ਲੱਲਾਹੁ ਅਲੈਹਿ ਵਸੱਲਮ ਬਿਨਾਂ ਨਹੀਂ। ਸੋ ਤੁਸੀਂ ਜਤਨ ਕਰੋ ਕਿ ਸੱਚੀ ਮੁਹੱਬਤ ਉਸ ਜਾਹੋ-ਜਲਾਲ (ਸ਼ਾਨੋ-ਸ਼ੌਕਤ ਤੇ ਬਜ਼ੁਰਗ) ਨਬੀ ਨਾਲ ਰੱਖੋ। ਕਿਸੇ ਦੂਜੇ ਨੂੰ ਉਸ ਉੱਤੇ ਕਿਸੇ ਪ੍ਰਕਾਰ ਦੀ ਵੱਡਿਆਈ ਨਾ ਦਿਓ, ਤਾਂ ਜੁ ਆਕਾਸ਼ ਤੇ ਮੁਕਤੀ ਪਾਉਣ ਵਾਲੇ ਲਿਖੇ ਜਾਓ ਅਤੇ ਚੇਤੇ ਰੱਖੋ ਕਿ ਮੁਕਤੀ ਉਹ ਚੀਜ਼ ਨਹੀਂ ਜਿਹੜੀ ਮਰਨ ਮਗਰੋਂ ਜ਼ਾਹਿਰ ਹੋਇਗੀ, ਸਗੋਂ ਅਸਲ ਮੁਕਤੀ ਉਹ ਹੈ ਕਿ ਇਸੇ ਦੁਨੀਆਂ ਵਿਚ ਆਪਣੀ ਰੋਸ਼ਨੀ ਦਿਖਾਉਂਦੀ ਹੈ ਮੁਕਤੀ ਪਾਉਣ ਵਾਲਾ ਕੌਣ ਹੈ ? ਉਹ ਜਿਹੜਾ ਵਿਸ਼ਵਾਸ ਰਖਦਾ ਹੈ ਕਿ ਖ਼ੁਦਾ ਸਚੱ ਹੈ ਅਤੇ ਹਜ਼ਰਤ ਮੁਹੰਮਦ (ਸਲ-ਲੱਲਾਹੁ ਅਲੈਹਿ ਵਸੱਲਮ) ਉਸ ਦੇ (ਖ਼ੁਦਾ ਦੇ ) ਅਤੇ ਮਨੁੱਖਤਾ ਦੇ ਵਿਚਾਲੇ ਸਫ਼ਾਰਸ਼ੀ ਹਨ ਅਤੇ ਆਕਾਸ਼ ਥੱਲੇ ਉਹਦੇ ਮਰਤਬੇ ਦਾ ਹੋਰ ਕੋਈ ਰਸੂਲ ਨਹੀਂ ਹੈ ਅਤੇ ਨਾ ਪਵਿੱਤਰਤਾ ਦੇ ਰੁਤਬੇ ਦੀ ਬਿਨਾ ਕੁਰਆਨ ਕੋਈ ਪੁਸਤਕ ਹੈ ਅਤੇ ਖ਼ੁਦਾ ਨੇ ਕਿਸੇ ਲਈ ਇਹ ਨਹੀਂ ਚਾਹਿਆ ਕਿ ਉਹ ਸਦਾ ਜੀਉਂਦਾ ਰਹੇ ਪਰੰਤੂ ਇਹ ਬਜ਼ੁਰਗ ਨਬੀ ਸਦਾ ਲਈ ਜੀਊਂਦਾ ਹੈ।"

(ਰੂਹਾਨੀ ਖ਼ਜ਼ਾਇਨ ਭਾਗ: 19 ਪੰਨਾ: 13-14, ਕਿਸ਼ਤੀ ਨੂਹ ਪੰਨਾ: 15-16)

"ਹਜ਼ਰਤ ਖ਼ਾ-ਤ ਮੁਲ ਅੰਬਿਆ ਸਲ-ਲੱਲਾਹੁ ਅਲੈਹਿ ਵਸੱਲਮ ਦੇ ਹਾਲਾਤ ਉੱਤੇ ਨਜ਼ਰ ਪਾਉਣ ਨਾਲ ਇਹ ਗਲ ਅਤਿ ਪ੍ਰਗਟ, ਸਪਸ਼ਟ ਅਤੇ ਰੋਸ਼ਨ ਹੈ ਕਿ ਆਂਹਜ਼ਰਤ ਸਲ-ਲੱਲਾਹੁ- ਅਲੈਹਿ ਵਸੱਲਮ ਅੰਦਰੋ ਬਾਹਰੋਂ ਸਾਫ਼ ਦਿਲ, ਖ਼ੁਦਾ ਖ਼ਾਤਿਰ ਜਾਨ ਦੇਣ ਵਾਲੇ ਅਤੇ ਮਨੁੱਖਤਾ ਦੇ ਡਰ ਤੇ ਉਹ ਦੀ ਸਹਾਇਤਾ ਵੱਲੋਂ

ਮੂੰਹ ਮੋੜਨ ਵਾਲੇ ਅਤੇ ਕੇਵਲ ਖ਼ੁਦਾ ਉੱਤੇ ਭਰੋਸਾ (ਯਕੀਨ) ਕਰਨ ਵਾਲੇ ਹਨ। ਜਿਹਨਾਂ ਨੇ ਖ਼ੁਦਾ ਦੀ ਇਛਾ ਤੇ ਮਰਜ਼ੀ ਵਿਚ ਫਨਾ ਹੋ ਕੇ ਇਸ ਗਲ ਦੀ ਕੁਝ ਵੀ ਪਰਵਾਹ ਨਾ ਕੀਤੀ ਕਿ ਤੌਹੀਦ (ਇਕ ਈਸ਼ਵਰ ਵਾਦ) ਦਾ ਐਲਾਨ ਕਰਨ ਨਾਲ ਕੀ ਕੀ ਮੁਸੀਬਤ ਮੇਰੇ ਸਿਰ ਤੇ ਪਏਗੀ ਅਤੇ ਮੁਸ਼ਰਿਕਾਂ ਦੇ ਹੱਥੋਂ ਕਿਹੜੇ ਕਿਹੜੇ ਦੁਖ ਉਠਾਉਣੇ ਪੈਣਗੇ।"

(ਰੂਹਾਨੀ ਖ਼ਜ਼ਾਇਨ ਭਾਗ: 1 ਪੰਨਾ: 111, ਬਰਾਹੀਨ ਅਹਿਮਦੀਆ ਮੁਕਦਮਾ ਪੰਨਾ: 119 ਪਹਿਲਾ ਐਡੀਸ਼ਨ)

"ਕੀ ਇਹ ਹੈਰਾਨੀ ਭਰਪੂਰ ਗਲ ਨਹੀਂ ਕਿ ਇਕ ਨਿਰਧਨ, ਨਿਤਾਣਾ, ਅਨਪੜ੍ਹ ਯਤੀਮ, ਇਕੱਲਾ ਅਤੇ ਗ਼ਰੀਬ ਅਜਿਹੇ ਸਮੇਂ ਵਿਚ ਕਿ ਜਿਸ ਵਿਚ ਹਰ ਇਕ ਜਾਤੀ ਪੂਰਨ ਆਰਥਕ ਫ਼ੌਜੀ ਅਤੇ ਵਿਦਿਅਕ ਸ਼ਕਤੀ ਰਖਦੀ ਸੀ। ਅਜਿਹੀ ਰੋਸ਼ਨ ਸਿਖਿਆ ਲਿਆਇਆ, ਜਿਸ ਨੇ ਆਪਣੀਆਂ ਸਪਸ਼ਟ ਦਲੀਲਾਂ ਰਾਹੀਂ ਸਾਰਿਆਂ ਦੀਆਂ ਜ਼ਬਾਨਾਂ ਬੰਦ ਕਰ ਦਿੱਤੀਆਂ ਅਤੇ ਵੱਡੇ ਵੱਡੇ ਲੋਕਾਂ ਦੀਆਂ ਜੇਹੜੇ ਹਕੀਮ ਤੇ ਫ਼ਲਾਸਫ਼ਰ ਬਣੇ ਫਿਰਦੇ ਸਨ, ਗ਼ਲਤੀਆਂ ਕੱਢੀਆਂ ਅਤੇ ਫਿਰ ਕਮਜ਼ੋਰੀ ਤੇ ਗ਼ਰੀਬੀ ਹੁੰਦਿਆਂ ਹੋਇਆਂ ਵੀ ਅਜਿਹੀ ਤਾਕਤ ਵਿਖਾਈ ਕਿ ਬਾਦਸ਼ਾਹਾਂ ਨੂੰ ਤਖ਼ਤਾਂ ਤੋਂ ਥੱਲੇ ਸੁਟ ਦਿੱਤਾ ਅਤੇ ਉਹਨਾਂ ਤਖ਼ਤਾਂ ਉੱਤੇ ਗ਼ਰੀਬਾਂ ਨੂੰ ਬਠਾਇਆ। ਜੇਕਰ ਇਹ ਖ਼ੁਦਾ ਦੀ ਸਹਾਇਤਾ ਨਹੀਂ ਸੀ ਤਾਂ ਹੋਰ ਕੀ ਸੀ? ਕੀ ਸਾਰੀ ਦੁਨੀਆਂ ਉੱਤੇ ਅਕਲ, ਇਲਮ (ਵਿਦਿਆ) ਅਤੇ ਤਾਕਤ ਨਾਲ ਵਿਜਈ ਹੋ ਜਾਣਾ ਖ਼ੁਦਾ ਦੀ ਸਹਾਇਤਾ ਬਿਨਾਂ ਵੀ ਹੋਇਆ ਕਰਦਾ ਹੈ?।"

( (ਰੂਹਾਨੀ ਖ਼ਜ਼ਾਇਨ ਭਾਗ: 1 ਪੰਨਾ: 119, ਬਰਾਹੀਨ ਅਹਿਮਦੀਆ ਮੁਕਦਮਾ ਪੰਨਾ: 126 ਪਹਿਲਾਂ ਐਡੀਸ਼ਨ)

"ਵਿਚਾਰ ਕਰਨਾ ਚਾਹੀਦਾ ਹੈ ਕਿ ਕਿੱਨੇ ਪੱਕੇ ਨਿਸ਼ਚੇ ਨਾਲ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸੱਲਮ ਆਪਣੀ ਨਬੁੱਵਤ ਦੇ ਐਲਾਨ ਉੱਤੇ ਹਜ਼ਾਰਾਂ ਖ਼ਤਰਿਆਂ ਦੇ ਪੈਦਾ ਹੋਣ, ਲਖਾਂ ਦੁਸ਼ਮਣਾ, ਰੁਕਾਵਟਾਂ ਅਤੇ ਡਰਾਉਣ ਵਾਲਿਆਂ ਦੇ ਹੁੰਦਿਆ ਵੀ ਆਪ ਆਦਿ ਤੋਂ ਅੰਤ ਤਕ ਅਟਲ ਤੇ ਕਾਇਮ ਰਹੇ ਸਾਲਾਂ ਬਧੀ ਮੁਸੀਬਤਾਂ ਤੇ ਦੁਖ ਉਠਾਉਣੇ ਪਏ, ਜੇਹੜੇ ਕਿ ਸਫਲਤਾਂ ਤੋਂ ਉੱਕਾ ਹੀ ਨਿਰਾਸ ਕਰਨ ਵਾਲੇ ਸਨ ਅਤੇ ਉਹ ਦੁਖ ਨਿਤ ਦਿਹਾੜੇ ਵਧਦੇ ਜਾਂਦੇ ਸਨ, ਜੇਹਨਾਂ ਤੇ ਸਬਰ ਕਰਨ ਨਾਲ ਕਿਸੇ ਸੰਸਾਰਕ ਮੰਤਵ ਦੀ ਪ੍ਰਾਪਤੀ ਹੋ ਜਾਣ ਦਾ ਖ਼ਿਆਲ ਵੀ ਪੈਦਾ ਨਹੀ ਹੁੰਦਾ ਸੀ, ਸਗੋਂ ਨਬੁੱਵਤ ਦਾ

ਐਲਾਨ ਕਰਨ ਨਾਲ ਆਪਣੇ ਹੱਥਾਂ ਤੋਂ ਆਪਣੀ ਪਹਿਲੀ ਤਾਕਤ ਵੀ ਗਵਾ ਬੈਠੇ ਅਤੇ ਇਕ ਗਲ (ਅਰਥਾਤ ਨਬੁੱਵਤ ਦਾ ਐਲਾਨ) ਕਹਿ ਕੇ ਲੱਖਾਂ ਹੀ ਵਿਰੋਧਤਾਈਆਂ ਮੁਲ ਲੈ ਲਈਆਂ ਅਤੇ ਹਜ਼ਾਰਾਂ ਮੁਸੀਬਤਾਂ ਨੂੰ ਸਿਰ ਲੈ ਲਿਆ। ਦੇਸ਼ ਤੋਂ ਕੱਢੇ ਗਏ। ਕਤਲ ਲਈ ਪਿੱਛਾ ਕੀਤੇ ਗਏ, ਘਰ-ਬਾਰ ਤਬਾਹ ਤੇ ਬਰਬਾਦ ਹੋ ਗਿਆ, ਕਈ ਵਾਰੀ ਜ਼ਹਿਰ ਦਿੱਤਾ ਗਿਆ ਅਤੇ ਜਿਹੜੇ ਭਲਾ ਚਾਹੁਣ ਵਾਲੇ ਸਨ, ਬੁਰਾ ਚਾਹੁੰਣ ਵਾਲੇ ਬਣ ਗਏ, ਜਿਹੜੇ ਮਿੱਤਰ ਸਨ, ਦੁਸ਼ਮਣੀ ਕਰਨ ਲੱਗੇ ਅਤੇ ਇਕ ਲੰਮੇ ਸਮੇਂ ਤਕ ਉਹ ਸਖ਼ਤੀਆਂ ਉਠਾਉਣੀਆਂ ਪਈਆਂ ਕਿ ਜੇਹਨਾਂ ਉੱਤੇ ਪੱਕੇ ਪੈਰੀਂ ਖੜੇ-ਰਹਿਣਾ ਕਿਸੇ ਧੋਖੇ ਬਾਜ਼ ਤੇ ਮੱਕਾਰ ਦਾ ਕੰਮ ਨਹੀਂ।"

(ਰੂਹਾਨੀ ਖ਼ਜ਼ਾਇਨ ਭਾਗ: 1 ਪੰਨਾ: 108-109 ਬਰਾਹੀਨ ਅਹਿਮਦੀਆ ਮੁਕੱਦਮਾ ਪੰਨਾ: 116-117 ਪਹਿਲਾ ਐਡੀਸ਼ਨ)

"ਇਸੇ ਪ੍ਰਕਾਰ ਦਾਊਦ ਅਲੈਹਿਸ-ਸਲਾਮ ਨੇ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵੱਸਲਮ ਦੀ ਵਡਿਆਈ ਦਾ ਇਕਰਾਰ ਕਰਦੇ ਜ਼ਬੂਰ 45 ਵਿਚ ਇਉਂ ਵਰਨਣ ਕੀਤਾ ਹੈ :–

(1) ਤੂੰ ਹੁਸਨ ਵਿਚ ਮਾਨਵ ਜਾਤੀ ਵਿੱਚੋਂ ਕਿਤੇ ਵਧ ਹੈਂ, ਤੇਰੇ ਬੁਲ੍ਹਾਂ ਤੇ ਮਨ ਨੂੰ ਮੋਹ ਲੈਣ ਵਾਲੀ ਬਖ਼ਸ਼ਸ਼ ਹੈ। ਇਸੇ ਲਈ ਖ਼ੁਦਾ ਨੇ ਤੈਨੂੰ ਸਦਾ ਲਈ ਮੁਬਾਰਕ ਕੀਤਾ।

(2) ਹੇ ਪਹਿਲਵਾਨ ! ਤੂੰ ਸ਼ਾਨੋ-ਸ਼ੌਕਤ ਤੇ ਪ੍ਰਤਾਪ ਨਾਲ ਆਪਣੀ ਤਲਵਾਰ ਲਕ ਵਿਚ ਲਟਕਾ ਕੇ ਆਪਣੀ ਰਾਨ ਤੇ ਲਟਕਾ।

(3) ਅਮਾਨਤ, ਨਰਮ ਦਿਲੀ, ਅਤੇ ਇਨਸਾਫ਼ ਉੱਪਰ ਆਪਣੀ ਬਜ਼ੁਰਗੀ ਅਤੇ ਮਾਨ ਨਾਲ ਸਵਾਰ ਹੋ ਕਿ ਤੇਰਾ ਸੱਜਾ ਹੱਥ ਤੈਨੂੰ ਰੁਹਬ ਵਾਲੇ ਕੰਮ ਦਿਖਾਇਗਾ"।

(ਰੂਹਾਨੀ ਖ਼ਜ਼ਾਇਨ ਭਾਗ: 2 ਪੰਨਾ : 233-234 ਸੁਰਮਾ ਚਸ਼ਮ ਆਰੀਆ ਪੰਨਾ: 281-282 ਹਾਸ਼ੀਆ)

"ਮੁਸਤਫ਼ਾ ਪਰ ਤੇਰਾ ਬੇਹਦ ਹੋ ਸਲਾਮ ਔਰ ਰਹਿਮਤ,<br>
ਉਸ ਸੇ ਯਿਹ ਨੂਰ ਲੀਆ ਬਾਰਿ ਖ਼ੁਦਾਯਾ ਹਮ ਨੇ।

ਅਰਥ:– (ਹੇ ਖ਼ੁਦਾ) ਹਜ਼ਰਤ ਮੁਹੰਮਦ ਮੁਸਤਫ਼ਾ ਤੇ ਤੇਰੀ ਬਹੁਤ ਬਹੁਤ ਸਲਾਮਤੀ ਹੋਵੇ। ਕਿਉਂਕਿ ਇਹ ਨੂਰ (ਜਿਹੜਾ ਨੂਰ ਸਾਨੂੰ ਮਿਲਿਆ ਹੈ) ਅਸੀਂ ਉਸ ਤੋਂ ਹੀ ਲਿਆ ਹੈ।

ਰਬਤ ਹੈ ਜਾਨਿ ਮੁਹੰਮਦ ਸੇ ਮੇਰੀ ਜਾਂ ਕੋ ਮਦਾਮ,
ਦਿਲ ਕੋ ਵੁਹ ਜਾਮ ਨਬਾ ਲਬ ਹੈ ਪਿਲਾਇਆ ਹਮ ਨੇ।

ਅਰਥ :– ਮੇਰੀ ਜਾਨ ਨੂੰ (ਅਰਥਾਤ ਮੈਨੂੰ) ਹਜ਼ਰਤ ਮੁਹੰਮਦ (ਸਲਅਮ) ਦੀ ਜਾਨ (ਅਰਥਾਤ ਆਪ) ਨਾਲ ਪਿਆਰ ਹੈ ਅਤੇ ਉਹ ਪਿਆਰ ਦਾ ਭਰਿਆ ਪਿਆਲਾ ਅਸੀਂ ਆਪਣੇ ਦਿਲ ਨੂੰ ਪਿਲਾਇਆ ਹੈ।

ਉਸ ਸੇ ਬਹਿਤਰ ਨਜ਼ਰ ਆਇਆ ਨਾ ਕੋਈ 1 ਆਲਮ ਮੇਂ,
2 ਲਾ ਜਰਮ ਗੈਰੋਂ ਸੇ ਦਿਲ ਆਪਣਾ ਛੁੜਾਇਆ ਹਮ ਨੇ।

ਅਰਥ:- ਉਸ (ਅਰਥਾਤ ਹਜ਼ਰਤ ਮੁਹੰਮਦ ਸਲਅਮ) ਤੋਂ ਸੰਸਾਰ ਵਿਚ ਕੋਈ ਵੀ ਚੰਗਾ ਨਹੀਂ ਦਿਸ ਰਿਹਾ, ਇਸ ਲਈ ਮਜਬੂਰ ਹੋ ਕੇ ਅਸਾਂ ਗੈਰਾਂ ਕੋਲੋਂ ਆਪਣਾ ਦਿਲ ਛੁੜਾ ਲਿਆ ਹੈ।

3 ਸ਼ਾਨਿ ਹਕ ਤੇਰੇ 4 ਸ਼ਮਾਇਲ ਮੇਂ ਨਜ਼ਰ ਆਤੀ ਹੈ,
ਤੇਰੇ ਪਾਨੇ ਸੇ ਹੀ ਉਸ ਜ਼ਾਤ ਕੋ ਪਾਇਆ ਹਮ ਨੇ।

ਅਰਥ:– (ਹੇ ਮੁਹੰਮਦ ਸਲਅਮ) ਤੇਰੀਆਂ ਆਦਤਾਂ ਵਿਚ ਖ਼ੁਦਾ ਦੀ ਸ਼ਾਨ ਨਜ਼ਰ ਆ ਰਹੀ ਹੈ, ਤੇਰੀ ਪ੍ਰਾਪਤੀ ਮਗਰੋਂ ਹੀ ਅਸਾਂ ਉਸ ਜ਼ਾਤ (ਅਰਥਾਤ ਖ਼ੁਦਾ) ਨੂੰ ਪਾਇਆ ਹੈ।

ਛੂਕੇ ਦਾਮਨ ਤੇਰਾ ਹਰ 5 ਦਾਮ ਸੇ ਮਿਲਤੀ ਹੈ ਨਿਜਾਤ,
6 ਲਾ ਜਰਮ 7 ਦਰ ਪੇ ਤੇਰੇ ਸਿਰ ਕੋ ਝੁਕਾਇਆ ਹਮ ਨੇ।

ਅਰਥ:– ਤੇਰੇ ਪੱਲੂ ਨੂੰ ਫੜ੍ਹਨ ਨਾਲ ਹਰ ਪ੍ਰਕਾਰ ਦੀ ਮੁਸੀਬਤ ਤੋਂ ਮੁਕਤੀ ਪ੍ਰਾਪਤ ਹੋ ਜਾਂਦੀ ਹੈ, ਇਸੇ ਮਜਬੂਰੀ ਕਰਕੇ ਅਸਾਂ ਆਪਣੇ ਸਿਰ ਨੂੰ ਤੇਰੇ ਦਰਵਾਜ਼ੇ ਉੱਤੇ ਝੁਕਾਇਆ ਹੈ।

8 ਦਿਲਬਰਾ ਮੁਝ ਕੋ ਕਸਮ ਹੈ ਤੇਰੀ 9 ਯਕਤਾਈ ਕੀ,
ਆਪ ਕੋ ਤੇਰੀ ਮੁਹੱਬਤ ਮੇਂ ਬਸਾਇਆ ਹਮ ਨੇ।

ਅਰਥ:– (ਹੇ ਮੁਹੰਮਦ ਸਲਅਮ) ਮੈਨੂੰ ਤੇਰੀ ਵੱਡਿਆਈ ਦੀ ਕਸਮ ਹੈ ਕਿ ਅਸਾਂ ਆਪਣੇ ਆਪ ਨੂੰ ਤੇਰੀ ਮੁਹੱਬਤ ਵਿਚ ਫ਼ਨਾ ਕਰ ਦਿੱਤਾ ਹੈ।

ਬਖ਼ੁਦਾ ਦਿਲ ਸੇ ਪਰੇ ਹਟ ਗਏ ਸਭ ਗ਼ੈਰੋਂ ਕੇ 10 ਨਕਸ਼,
ਜਬ ਸੇ ਦਿਲ ਮੇਂ ਤੇਰਾ ਨਕਸ਼ ਜਮਾਇਆ ਹਮਨੇ।

---

1. ਸੰਸਾਰ 2. ਮਜਬੂਰ ਹੋ ਕੇ 3. ਖ਼ੁਦਾ ਦੀ ਸ਼ਾਨ 4. ਆਦਤਾਂ 5. ਮੁਸੀਬਤ 6. ਮਜਬੂਰ ਹੋ ਕੇ 7. ਦਰਵਾਜ਼ਾ। 8. ਮਹਿਬੂਬ 9. ਬਜ਼ੁਰਗੀ 10 ਸੂਰਤ

ਅਰਥ:- ਅੱਲਾਹ ਦੀ ਕਸਮ ! ਜਦ ਤੋਂ ਤੇਰੀ ਸੂਰਤ ਨੂੰ ਆਪਣੇ ਦਿਲ ਵਿਚ ਵਸਾ ਲਿਆ ਹੈ, ਸਭ ਦੂਜੀਆਂ ਸੂਰਤਾਂ ਦੇ ਨਕਸ਼ ਮਿਟ ਗਏ ਹਨ।

ਹਮ ਹੂਏ ਖ਼ੈਰਿ ਉਮਮ ਤੁਝ ਸੇ ਹੀ ਐ ਖ਼ੈਰਿ ਰੁਸੁਲ,
ਤੇਰੇ ਬੜ੍ਹਨੇ ਸੇ ਕਦਮ ਆਗੇ ਬੜ੍ਹਾਇਆ ਹਮਨੇ।

ਅਰਥ:- ਹੇ ਸਭ ਰਸੂਲਾਂ ਤੋਂ ਵਧ ਬਰਕਤਾਂ ਵਾਲੇ ਰਸੂਲ ! ਤੇਰੇ ਕਾਰਨ ਹੀ ਅਸੀਂ ਬਹਿਤਰ ਉੱਮਤ (ਸੰਗਤ) ਬਣ ਸਕੇ ਹਾਂ ਅਤੇ (ਆਤਮਕ ਮੈਦਾਨ ਵਿਚ) ਤੇਰੇ ਵਧਨ ਨਾਲ ਹੀ ਅਸਾਂ ਵੀ ਆਪਣੇ ਕਦਮਾਂ ਨੂੰ ਅਗਾਂਹ ਵਧਾਇਆ ਹੈ।

1 ਆਦਮੀ ਜ਼ਾਦ ਤੋਂ ਕਿਯਾ ਚੀਜ਼ ਫ਼ਰਿਸ਼ਤੇ ਭੀ 2 ਤਮਾਮ,
ਮਦਹਿ ਮੇਂ ਤੇਰੀ ਵੁਹ ਗਾਤੇ ਹੈਂ ਜੋ ਗਾਇਆ ਹਮਨੇ।

ਅਰਥ:- (ਹੇ ਮੁਹੰਮਦ ਸਲਅਮ) ਇਨਸਾਨਾਂ ਦੀ ਸੰਤਾਨ ਤਾਂ ਕੁਝ ਹੈਸੀਅਤ ਹੀ ਨਹੀਂ ਰਖਦੀ (ਕਿ ਉਹ ਸਾਡੇ ਵਾਂਗ ਤੇਰੀ ਤਾਰੀਫ਼ ਦੇ ਗੀਤ ਗਾ ਸਕੇ) ਤੇਰੀ ਤਾਰੀਫ਼ ਦੇ ਗੀਤ ਜੋ ਅਸਾਂ ਗਾਏ ਹਨ, ਉਹੀ ਗੀਤ ਅਜ ਸਾਰੇ ਫ਼ਰਿਸ਼ਤੇ ਗਾ ਰਹੇ ਹਨ ।"

(ਰੂਹਾਨੀ ਖ਼ਜ਼ਾਇਨ ਭਾਗ: 5 ਪੰਨਾ: 225-226 ਆਈ-ਨ ਕਮਾਲਾਤਿ ਇਸਲਾਮ)

"ਵੁਹ 3 ਪੇਸ਼ਵਾ ਹਮਾਰਾ ਜਿਸ ਸੇ ਹੈ ਨੂਰ ਸਾਰਾ,
ਨਾਮ ਉਸ ਕਾ ਹੈ ਮੁਹੰਮਦ 4 ਦਿਲਬਰ ਮੇਰਾ ਯਿਹੀ ਹੈ।

ਅਰਥ:- ਉਹ ਜਿਸ ਦਾ ਨਾਂ ਮੁਹੰਮਦ ਹੈ ਉਹੀ ਮੇਰਾ ਮਹਿਬੂਬ ਤੇ ਆਗੂ ਹੈ, ਇਹ ਸਾਰਾ ਨੂਰ ਜੋ ਸਾਨੂੰ ਮਿਲਿਆ ਹੈ ਅਸਲ ਵਿਚ ਉਸ ਦਾ ਹੀ ਦਿੱਤਾ ਹੋਇਆ ਹੈ।

ਸਭ ਪਾਕ ਹੈਂ ਪੈਯੰਬਰ ਇਕ ਦੂਸਰੇ ਸੇ ਬਹਿਤਰ,
ਲੇਕ ਅਜ਼ ਖ਼ੁਦਾਇ ਬਰ ਤਰ ਖ਼ੈਰੁਲ ਵਰਾ ਯਿਹੀ ਹੈ।

ਅਰਥ:- ਸਾਰੇ ਪੈਗੰਬਰ ਪਾਕ ਅਤੇ ਇਕ ਦੂਜੇ ਤੋਂ ਵੱਧ ਚੜ੍ਹ ਕੇ ਹਨ, ਪਰ ਬਜ਼ੁਰਗੀਆਂ ਵਾਲੇ ਖ਼ੁਦਾ ਤੋਂ ਮਗਰੋ ਸਾਰਿਆਂ ਤੋਂ ਵੱਧ ਵੱਡਿਆਈ ਵਾਲੇ ਇਹ (ਅਰਥਾਤ ਹਜ਼ਰਤ ਮੁਹੰਮਦ ਸਲਅਮ) ਹੀ ਹਨ।

ਪਹਿਲੇ ਤੋ ਰਾਹ ਮੇਂ ਹਾਰੇ, ਪਾਰ ਇਸ ਨੇ ਹੈਂ ਉਤਾਰੇ,
ਮੈਂ ਜਾਊਂ ਉਸ ਕੇ 5 ਵਾਰੇ ਬਸ ਨਾ ਖ਼ੁਦਾ ਯਿਹੀ ਹੈ।

---

1. ਮਨੁੱਖ 2. ਸਦਾ 3. ਆਗੂ 4. ਮਹਿਬੂਬ 5 ਕੁਰਬਾਨ

ਅਰਥ:- ਪਹਿਲੇ ਪੈਗ਼ੰਬਰ ਤਾਂ ਰਾਹ ਵਿਚ ਹੀ ਹਾਰ ਗਏ, ਅਰਥਾਤ ਉਹ ਮਨੁੱਖ ਨੂੰ ਆਤਮਕ ਦੀ ਅੰਤਲੀ ਸਿਖਰ ਤਕ ਨਾ ਪਹੁੰਚਾ ਸਕੇ, ਪਰ ਉਹਨੇ (ਅਰਥਾਤ ਹਜ਼ਰਤ ਮੁਹੰਮਦ ਸਲਅਮ) ਨੇ ਉਹਨਾਂ ਨੂੰ ਪਾਰ ਲਾ ਦਿੱਤਾ, (ਅਰਥਾਤ ਉਹਨਾਂ ਦੀ ਪੈਗੰਬਰੀ ਨੂੰ ਸੱਚਾ ਸਿੱਧ ਕਰ ਦਿੱਤਾ) ਇਸ ਲਈ ਮੈਂ ਉਹਦੇ ਤੋਂ ਕੁਰਬਾਨ ਜਾਂਦਾ ਹਾਂ ਕਿਉਂਕਿ ਇਹੀ ਉਸਦੇ ਨਾ ਖ਼ੁਦਾ ਹੋਣ ਦੀ ਦਲੀਲ ਹੈ।

ਵੁਹ ਯਾਰਿ 1 ਲਾ ਮਕਾਨੀ ਵੁਹ 2 ਦਿਲ ਬਰਿ ਨਿਹਾਨੀ,
ਦੇਖਾ ਹੈ ਹਮ ਨੇ ਉਸ ਸੇ ਬਸ 3 ਰਹਿਨੁਮਾ ਯਿਹੀ ਹੈ।

ਅਰਥ:- ਉਹ ਖ਼ੁਦਾ ਜਿਹੜਾ ਲਾ ਮਕਾਨ, ਅੱਖਾਂ ਤੋਂ ਉਹਲੇ ਹੈ, ਉਹ (ਅਰਥਾਤ ਹਜ਼ਰਤ ਮੁਹੰਮਦ ਸਲਅਮ) ਉਸਦੇ ਦੋਸਤ ਅਤੇ ਪਿਆਰੇ ਹਨ। ਅਸਾਂ ਤਾਂ ਉਸ ਤੋਂ ਇਹ ਹੀ ਵੇਖਿਆ ਹੈ ਕਿ (ਦੀਨ ਦੁਨੀਆਂ ਦੀ ਸਫਲਤਾ ਲਈ) ਸੁਮਾਰਗ ਵਿਖਾਉਣ ਵਾਲੇ ਇਹ ਹੀ ਹਨ।

ਵੁਹ ਆਜ ਸ਼ਾਹਿ ਦੀਂ ਹੈ ਵੁਹ ਤਾਜਿ ਮੁਰਸਲੀਂ ਹੈ,
ਵੁਹ ਤੱਯੋਬੋ ਅਮੀਂ ਹੈ ਉਸ ਕੀ ਸਨਾ ਯਿਹੀ ਹੈ।

ਅਰਥ:- ਉਹ ਅਜ (ਆਪਣਿਆਂ ਵਿਸ਼ੇਸ਼ ਗੁਣਾ ਕਾਰਨ) ਧਰਮ ਦੇ ਸ਼ਹਿਨ ਸ਼ਾਹ ਅਤੇ ਰਸੂਲਾਂ ਦੇ ਸਰ ਤਾਜ ਹਨ (ਅਰਥਾਤ ਉਹਨਾਂ ਸਾਰਿਆਂ ਨਾਲੋਂ ਸਰੇਸ਼ਟ ਹਨ)।

ਉਹ ਪਵਿੱਤਰ ਤੇ ਸੱਚੇ ਹਨ ਉਸ ਦੀ ਇਹ ਹੀ ਤਾਰੀਫ਼ ਹੈ।

ਆਂਖ ਉਸ ਕੀ ਦੂਰਬੀਂ ਹੈ ਦਿਲ4 ਯਾਰ ਸੇ 5 ਕਰੀਂ ਹੈ।
ਹਾਥੋਂ ਮੇਂ ਸ਼ਮਅ ਦੀਂ ਹੈ 6 ਐਨੁੱਜ਼ਿਆ ਯਿਹੀ ਹੈ।

ਅਰਥ:- ਉਸ ਦੀਆਂ ਅੱਖਾਂ ਦੂਰਬੀਨ ਸਮਾਨ ਹਨ ( ਕਿਉਂਕਿ ਉਹ ਭਵਿਖਤ ਦੇ ਹਾਲਾਤ ਨੂੰ ਵੀ ਵੇਖ ਰਹੀਆਂ ਹਨ) ਅਤੇ ਉਸ ਦਾ ਦਿਲ ਆਪਣੇ ਮਿੱਤਰ (ਅਰਥਾਤ ਖ਼ੁਦਾ) ਦੇ ਨੇੜੇ ਹੈ, ਉਸ ਦੇ ਹੱਥਾਂ ਵਿਚ ਧਰਮ ਦੀ ਅਜਿਹੀ ਰੋਸ਼ਨੀ ਹੈ, ਜਿਸ ਤੋਂ ਇਹ ਪ੍ਰਤੀਤ ਹੋ ਰਿਹਾ ਹੈ ਕਿ ਪ੍ਰਗਟ ਰੋਸ਼ਨੀ

ਜੋ 7 ਰਾਜ਼ ਦੀਂ ਥੇਂ ਭਾਰੇ ਉਸ ਨੇ ਬਤਾਏ ਸਾਰੇ,
ਦੌਲਤ ਕਾ ਦੇਣੇਂ ਵਾਲਾ 8 ਫ਼ਰਮਾਂ ਰਵਾ ਯਿਹੀ ਹੈ।

ਅਰਥ:- ਉਸ ਨੇ ਧਰਮ ਦੇ ਸੂਖਮ ਤੇ ਕਠਨ ਭੇਤ ਦਸ ਦਿੱਤੇ ਹਨ ਅਤੇ (ਦੀਨ ਦੁਨੀਆਂ) ਦੀ ਦੌਲਤ ਦੇਣ ਵਾਲਾ ਸ਼ਹਿਨਸ਼ਾਹ ਇਹ ਹੀ ਹੈ।

---

1. ਮਕਾਨ ਰਹਿਤ 2. ਮਹਿਬੂਬ 3. ਸਰਦਾਰ, ਆਗੂ 4. ਖ਼ੁਦਾ 5. ਨੇੜੇ 6. ਪ੍ਰਗਟ ਰੋਸ਼ਨੀ 7. ਭੇਤ 8. ਸ਼ਹਿਨਸ਼ਾਹ, ਹਾਕਮ

ਉਸ ਨੂਰ ਪਰ ਫ਼ਿਦਾ ਹੂੰ ਉਸ ਕਾ ਹੀ ਮੈਂ ਹੂਆ ਹੂੰ,
ਵੁਹ ਹੈ ਮੈਂ ਚੀਜ਼ ਕਿਯਾ ਹੂੰ ਬਸ ਫ਼ੈਸਲਾ ਯਿਹੀ ਹੈ

ਅਰਥ:- (ਮੈਂ) ਉਸ ਨੂਰ ਤੇ ਕੁਰਬਾਨ ਅਤੇ ਉਸ ਦਾ ਹੀ ਹੋ ਗਿਆ ਹਾਂ (ਸਾਰੀਆਂ ਵੱਡਿਆਈਆਂ ਆਪ ਵਿਚ ਹੀ ਹਨ)
ਇਸ ਲਈ ਸਾਰੇ ਆਤਮਕ ਦਰਜਿਆਂ ਦੇ ਮਾਲਕ ਆਪ ਹੀ ਹਨ, ਆਪ ਦੇ ਸਾਮਣੇ ਮੇਰੀ ਤਾਂ ਕੋਈ ਹੈਸੀਅਤ ਹੀ ਨਹੀਂ ਹੈ।"

(ਰੂਹਾਨੀ ਖ਼ਜ਼ਾਇਨ ਭਾਗ: 20 ਪੰਨਾ: 456, ਕਾਦੀਆਨ ਕੇ ਆਰੀਆ ਔਰਹਮ ਪੰਨਾ: 40)

"ਮੇਰੇ ਲਈ ਇਸ ਨਿਆਮਤ ਦਾ ਪਾਉਣਾ ਸੰਭਵ ਨਹੀਂ ਸੀ, ਜੇਕਰ ਮੈਂ ਸੱਯਦੋ, ਮੌਲਾ, ਫ਼ਖ਼ਰੁਲ ਅੰਬਿਆ ਅਤੇ ਖ਼ੈਰੁਲ ਵਰਾ ਹਜ਼ਰਤ ਮੁਹੰਮਦ ਮੁਸਤਫ਼ਾ ਸਲ-ਲੱਲਾਹੁ ਅਲੈਹਿ ਵਸੱਲਮ ਦੀ ਆਗਿਆ ਕਾਰੀ ਨਾ ਕਰਦਾ, ਸੋ ਮੈਂ ਜੋ ਕੁਝ ਵੀ ਪ੍ਰਾਪਤ ਕੀਤਾ ਹੈ ਉਸ ਫ਼ਰਮਾਬਰਦਾਰੀ ਤੋਂ ਪ੍ਰਾਪਤ ਕੀਤਾ ਹੈ। ਮੈਂ ਆਪਣੇ ਸੱਚੇ ਤੇ ਪੂਰਨ ਗਿਆਨ ਰਾਹੀਂ ਇਹ ਜਾਣਦਾ ਹਾਂ ਕਿ ਕੋਈ ਮਨੁੱਖ ਇਸ ਨਬੀ ਦੀ ਆਗਿਆ ਕਾਰੀ ਬਿਨਾਂ ਖ਼ੁਦਾ ਤਕ ਨਹੀਂ ਪਹੁੰਚ ਸਕਦਾ ਅਤੇ ਨਾ ਹੀ ਖ਼ੁਦਾ ਨੂੰ ਪੂਰਨ ਰੂਪ ਨਾਲ ਪਹਿਚਾਣ ਸਕਦਾ ਹੈ। ਮੈਂ ਇਹ ਵੀ ਇੱਥੇ ਦਸਦਾ ਹਾਂ ਕਿ ਉਹ ਕੀ ਚੀਜ਼ ਹੈ ਜਿਸ ਰਾਹੀਂ ਹਜ਼ਰਤ ਮੁਹੰਮਦ ਸਲਅਮ ਦੀ ਸੱਚੀ ਤੇ ਪੂਰਨ ਤਾਬਿਆਦਾਰੀ ਮਗਰੋਂ ਦਿਲ ਵਿਚ ਪੈਦਾ ਹੁੰਦੀ ਹੈ। ਸੋ ਚੇਤੇ ਰਹੇ ਕਿ ਉਹ ਸਲੀਮ (ਪਵਿੱਤਰ) ਦਿਲ ਹੈ, ਅਰਥਾਤ ਦਿਲ ਚੋਂ ਦੁਨੀਆਂ ਦੀ ਮੁਹੱਬਤ ਨਿਕਲ ਜਾਂਦੀ ਹੈ। ਫਿਰ ਇਸ ਮਗਰੋਂ ਖ਼ੁਦਾ ਦੀ ਪਾਕ ਸਾਫ਼ ਤੇ ਪੂਰਨ ਮੁਹੱਬਤ ਉਸ ਪਵਿੱਤਰ ਦਿਲ ਨੂੰ ਪ੍ਰਾਪਤ ਹੁੰਦੀ ਹੈ ਅਤੇ ਇਹ ਸਾਰੀਆਂ ਨਿਆਮਤਾਂ ਹਜ਼ਰਤ ਮੁਹੰਮਦ ਸਲ-ਲੱਲਾਹੁ ਅਲੈਹਿ ਵਸੱਲਮ ਦੀ ਤਾਬਿਆਦਾਰੀ ਕਾਰਨ ਵਿਰਸੇ ਵਜੋਂ ਮਿਲਦੀਆਂ ਹਨ"।

(ਰੂਹਾਨੀ ਖ਼ਜ਼ਾਇਨ ਭਾਗ: 22 ਪੰਨਾ: 64-65 ਹਕੀ-ਕ ਤੁਲ ਵਹੀ)

# ਹਜ਼ਰਤ 1 ਮਸੀਹ ਮੌਊਦ 2 ਅਲੈਹਿਸ-ਸਲਾਮ ਦਾ ਮਿਸ਼ਨ

"ਇਸੇ ਵਿਚਕਾਰ ਸੁਪਨੇ ਵਿਚ ਵੇਖਿਆ ਕਿ ਲੋਕ ਇਕ ਮੁਹੱਬਤ ਕਰਨ ਵਾਲੇ (ਮਨੁੱਖ) ਨੂੰ ਲਭ ਰਹੇ ਹਨ ਅਤੇ ਇਕ ਆਦਮੀ ਇਸ ਆਜਿਜ਼ (ਅਰਥਾਤ ਮੇਰੇ) ਵਲ ਆਇਆ ਅਤੇ ਸੰਕੇਤ ਰਾਹੀਂ ਉਸ ਨੇ ਇਹ ਕਿਹਾ :- هٰذَا رَجُلٌ يُحِبُّ رَسُوْلَ اللّٰهِ

ਹਾਜ਼ਾ ਰ-ਜੁ ਲੁਨ ਯੁਹਿੱਬੁ ਰਸੂ-ਲੱਲਾਹਿ

ਅਰਥਾਤ:- ਇਹ ਉਹ ਮਨੁੱਖ ਹੈ ਜਿਹੜਾ ਰਸੂਲੁੱਲਾਹ (ਅਰਥਾਤ ਹਜ਼ਰਤ ਮੁਹੰਮਦ ਸਲਅਮ) ਨਾਲ ਸਨੇਹ ਰਖਦਾ ਹੈ, ਇਸ ਗਲ ਦਾ ਇਹ ਮਤਲਬ ਸੀ ਕਿ ਇਸ ਅਹੁਦੇ ਦੀ ਸਭ ਤੋਂ ਵੱਡੀ ਸ਼ਰਤ ਹਜ਼ਰਤ ਮੁਹੰਮਦ ਸਲਅਮ ਨਾਲ ਸਨੇਹ ਕਰਨ ਦੀ ਹੈ, ਉਹ ਇਸ ਮਨੁੱਖ ਵਿਚ ਮੌਜੂਦ ਹੈ"।

(ਰੂਹਾਨੀ ਖ਼ਜ਼ਾਇਨ ਭਾਗ: 1 ਪੰਨਾ: 528, ਬਰਾਹੀਨ ਅਹਿਮਦੀਆ ਹਾਸ਼ੀਆ ਦਰ ਹਾਸ਼ੀਆ ਨੰ: 3, ਐਡੀਸ਼ਨ ਪਹਿਲਾ ਪੰਨਾ: 503)

"ਦੁਨੀਆਂ ਮੈਨੂੰ ਸਵੀਕਾਰ ਨਹੀਂ ਕਰ ਸਕਦੀ, ਕਿਉਂਕਿ ਮੈਂ ਦੁਨੀਆਂ ਵਿੱਚੋਂ ਨਹੀਂ ਹਾਂ, ਪਰੰਤੂ ਜੇਹਨਾ ਨੂੰ ਉਸ ਆਤਮਕ ਜਾਂ ਬ੍ਰਮ੍ਹ ਲੋਕ ਦਾ ਗਿਆਨ ਦਿੱਤਾ ਗਿਆ ਹੈ, ਉਹ ਮੈਨੂੰ ਕਬੂਲ ਕਰਦੇ ਹਨ ਅਤੇ ਕਰਨਗੇ। ਜਿਹੜਾ ਮੈਨੂੰ ਛਡਦਾ ਹੈ ਉਹ ਉਸ ਨੂੰ ਛੱਡਦਾ ਹੈ ਜਿਸਨੇ ਮੈਨੂੰ ਭੇਜਿਆ ਹੈ। ਜਿਹੜਾ ਮੇਰੇ ਨਾਲ ਸੰਬੰਧ ਪੈਦਾ ਕਰਦਾ ਹੈ ਉਹ ਉਸ ਨਾਲ ਸੰਬੰਧ ਪੈਦਾ ਕਰਦਾ ਹੈ ਜਿਸ ਵੱਲੋਂ ਮੈਂ ਆਇਆ ਹਾਂ। ਮੇਰੇ ਹੱਥ ਵਿਚ ਇਕ ਮਸ਼ਾਲ (ਰੋਸ਼ਨੀ) ਹੈ, ਜਿਹੜਾ ਮਨੁੱਖ ਮੇਰੇ ਕੋਲ ਆਉਂਦਾ ਹੈ ਉਹ ਜ਼ਰੂਰ ਉਸ ਰੋਸ਼ਨੀ ਤੋਂ ਭਾਗ ਲਏਗਾ। ਪਰੰਤੂ ਜਿਹੜਾ ਮਨੁੱਖ ਵਹਿਮ, ਭਰਮ ਤੇ ਬੁਰੇ ਖ਼ਿਆਲ ਨਾਲ ਮੈਥੋਂ ਦੂਰ ਭਜਦਾ ਹੈ, ਉਹ ਹਨੇਰੇ ਵਿਚ ਸੁੱਟ ਦਿੱਤਾ ਜਾਵੇਗਾ। ਇਸ ਸਮੇਂ ਦਾ ਪੱਕਾ ਕਿਲਾ ਮੈਂ ਹਾਂ ਜਿਹੜਾ ਮੇਰੇ ਇਸ ਕਿਲੇ ਵਿਚ ਦਾਖ਼ਲ ਹੁੰਦਾ ਹੈ ਉਹ ਚੋਰਾਂ, ਡਾਕੂਆਂ ਅਤੇ ਰਾਖ਼ਸ਼ਾਂ ਤੋਂ ਆਪਣੇ ਆਪ ਨੂੰ ਬਚਾ ਲਏਗਾ ।"

1 ਉਹ ਮਸੀਹ ਜਿਸ ਦੇ ਆਉਣ ਦਾ ਧਾਰਮਕ ਪੁਸਤਕਾਂ ਵਿਚ ਬਚਨ ਦਿੱਤਾ ਗਿਆ ਸੀ 2. ਅੱਲਾਹ ਦੀ ਆਪ ਤੇ ਸਲਾਮਤੀ ਹੋਵੇ।

(ਰੂਹਾਨੀ ਖ਼ਜ਼ਾਇਨ ਭਾਗ: 3 ਪੰਨਾ: 34, ਫ਼ਤਹਿ ਇਸਲਾਮ ਪੰਨਾ: 57-58 ਐਡੀਸ਼ਨ ਪਹਿਲਾ)

"ਮੈਨੂੰ ਉਸ ਖ਼ੁਦਾ ਦੀ ਸਹੁੰ ਹੈ ਜਿਸ ਦੇ ਹੱਥ ਵਿਚ ਮੇਰੀ ਜਾਨ ਹੈ ਕਿ ਮੈਨੂੰ ਕੁਰਆਨ ਦੀਆਂ ਸੱਚਾਈਆਂ ਅਤੇ ਗੁੱਝੇ ਆਤਮਕ ਗਿਆਨ ਤੇ ਭੇਤ ਸਮਝਣ ਲਈ ਹਰ ਇਕ ਆਤਮਾ ਤੇ ਜਿਤ ਦਿੱਤੀ ਗਈ ਹੈ ਅਤੇ ਜੇ ਕਰ ਕੋਈ ਵਿਰੋਧੀ ਮੌਲਵੀ ਮੇਰੇ ਟਾਕਰੇ ਤੇ ਆਉਂਦਾ । ਜਿਵੇਂ ਕਿ ਮੈਂ ਕਈ ਵਾਰ ਉਹਨਾਂ ਨੂੰ ਕੁਰਆਨ ਮਜੀਦ ਦੀ ਵਿਆਖਿਆ ਲਈ ਬੁਲਾਇਆ ਵੀ, ਤਾਂ ਖ਼ੁਦਾ ਉਹਨਾਂ ਨੂੰ ਸ਼ਰਮਿੰਦਾ ਕਰਦਾ। ਸੋ ਕੁਰਆਨ ਨੂੰ ਸਮਝਣ ਲਈ ਜਿਹੜੀ ਅਕਲ ਤੇ ਗਿਆਨ ਮੈਨੂੰ ਬਖ਼ਸ਼ਿਆ ਗਿਆ ਹੈ ਇਹ ਅੱਲਾਹ ਦਾ ਇਕ ਪ੍ਰੱਤਖ ਨਿਸ਼ਾਨ ਹੈ। ਮੈਂ ਅੱਲਾਹ ਦੀ ਕ੍ਰਿਪਾਲਤਾ ਨਾਲ ਆਸ ਰਖਦਾ ਹਾਂ ਕਿ ਛੇਤੀ ਹੀ ਦੁਨੀਆਂ ਵੇਖੇਗੀ ਕਿ ਮੈਂ ਇਸ ਬਿਆਨ ਵਿਚ ਸੱਚਾ ਹਾਂ"।

(ਰੂਹਾਨੀ ਖ਼ਜ਼ਾਇਨ ਭਾਗ: 22 ਪੰਨਾ: 41 ਸਿਰਾਜਿ ਮੁਨੀਰ ਪੰਨਾ: 39)

ਮੈਂ ਇਕੱਲਾ ਨਹੀਂ ਉਹ ਸਾਜਨਹਾਰ ਮੇਰੇ ਨਾਲ ਹੈ ਅਤੇ ਕੋਈ ਉਸ ਤੋਂ ਮੇਰੇ ਲਾਗੇ ਨਹੀਂ। ਉਸ ਦੀ ਕ੍ਰਿਪਾ ਨਾਲ ਮੈਨੂੰ ਅਜਿਹੀ ਆਸ਼ਕਾਂ ਵਾਲੀ ਆਤਮਾ ਮਿਲੀ ਹੈ ਕਿ ਕਸ਼ਟ ਤੇ ਤਕਲੀਫ਼ ਚੁਕ ਕੇ ਵੀ ਉਹਦੇ ਧਰਮ (ਅਰਥਾਤ ਇਸਲਾਮ) ਦੀ ਸੇਵਾ ਕਰਾਂ ਅਤੇ ਇਸਲਾਮੀ ਲੜਾਈ ਨੂੰ ਭਲੀਭਾਂਤ ਸੱਚੇ ਦਿਲ ਨਾਲ ਜਿੱਤਾਂ। ਇਸ ਕੰਮ ਲਈ ਉਸਨੇ (ਅੱਲਾਹ ਨੇ) ਮੈਨੂੰ ਆਪ ਖੜਾ ਕੀਤਾ ਹੈ। ਹੁਣ ਕਿਸੇ ਦੇ ਕਹਿਣ ਤੇ ਮੈਂ ਰੁਕ ਨਹੀਂ ਸਕਦਾ "।

(ਰੂਹਾਨੀ ਖ਼ਜ਼ਾਇਨ ਭਾਗ 5 ਪੰਨਾ 35, ਆਈ-ਨ ਕਮਾਲਾਤੇ ਇਸਲਾਮ ਮੁਕੱਦਮਾ)

"ਸੋ ਇਕ ਪਵਿੱਤਰ ਆਚਰਨ ਵਾਲੇ ਮਨੁੱਖ ਲਈ ਇਹ ਕਾਫ਼ੀ ਹੈ ਕਿ ਖ਼ੁਦਾ ਨੇ ਮੈਨੂੰ ਝੂਠਿਆਂ ਵਾਂਗ ਹਲਾਕ (ਨਸ਼ਟ) ਨਹੀਂ ਕੀਤਾ। ਸਗੋਂ ਮੇਰੇ ਵਜੂਦ ਦੇ ਬਾਹਰ, ਅੰਦਰ (ਸਰੀਰ ਅਤੇ ਆਤਮਾ) ਉੱਤੇ ਉਹ ਇਹਸਾਨ ਕੀਤੇ, ਜੇਹਨਾਂ ਨੂੰ ਮੈ ਗਿਣ ਨਹੀਂ ਸਕਦਾ। ਮੈਂ ਜਵਾਨ ਸੀ ਜਦ ਖ਼ੁਦਾ ਦੀ ਵਹੀ1 ਤੇ ਇਲਹਾਮ ਦਾ ਮੈ ਐਲਾਨ ਕੀਤਾ, ਹੁਣ ਮੈਂ ਬਿਰਧ ਅਵਸਥਾ ਨੂੰ ਅਪੜ ਗਿਆ ਹਾਂ। ਇਲਹਾਮ ਦੇ ਆਰੰਭਕ ਐਲਾਨ ਤੇ ਵੀਹ ਸਾਲਾਂ ਤੋਂ ਵਧ ਸਮਾਂ ਬੀਤ ਚੁਕਿਆ ਹੈ, ਬਹੁਤ ਸਾਰੇ

1-2 ਅੱਲਾਹ ਦਾ ਅਜਿਹਾ ਕਲਾਮ ਜਿਸ ਰਾਹੀਂ ਉਹ ਆਪਣੇ ਪੈਗੰਬਰਾਂ ਨੂੰ ਪੈਗਾਮ ਦਿੰਦਾ ਹੈ।

ਮੇਰੇ ਸਜਨ ਤੇ ਪਿਆਰੇ ਜੇਹੜੇ ਕਿ ਮੈਥੋਂ ਨਿੱਕੇ ਸਨ ਦੁਨੀਆਂ ਤੋਂ ਕੂਚ ਕਰ ਗਏ ਹਨ ਅਤੇ ਮੈਨੂੰ ਉਹਨੇ ਲੰਮੀ ਉਮਰ ਬਖ਼ਸ਼ੀ ਅਤੇ ਹਰ ਔਕੜ ਤੇ ਕਠਿਨਾਈ ਵਿਚ ਮੇਰਾ ਜ਼ਿੰਮੇਵਾਰ ਤੇ ਦੋਸਤ ਬਨਿਆ ਰਿਹਾ। ਸੋ ਕੀ ਉਹਨਾਂ ਲੋਕਾਂ ਦੇ ਇਹੀ ਨਿਸ਼ਾਨ ਹੋਇਆ ਕਰਦੇ ਹਨ ਜੇਹੜੇ ਅੱਲਾਹ ਬਾਰੇ ਝੂਠ ਬੋਲਨ ਤੋਂ ਕੰਮ ਲੈਂਦੇ ਹਨ ।"

(ਰੂਹਾਨੀ ਖ਼ਜ਼ਾਇਨ ਭਾਗ: 11 ਪੰਨਾ: 50, ਅੰਜਾਮਿਆਥਮ)

## ਨਵੀਂ ਜਮਾਅਤ ਬਨਾਉਣ ਦਾ ਕਾਰਨ

"ਹੇ ਮੇਰੇ ਸਜਨੋ ! ਜੇਹੜੇਕਿ ਮੇਰੀ ਕਾਇਮ ਕੀਤੀ ਜਮਾਅਤ ਵਿਚ ਸ਼ਾਮਲ ਹੋ। ਖ਼ੁਦਾ ਸਾਨੂੰ ਅਤੇ ਤੁਹਾਨੂੰ ਉਹਨਾਂ ਗੱਲਾਂ ਦੀ ਸ਼ਕਤੀ ਬਖਸ਼ੇ ਜਿਹਨਾਂ ਤੋਂ ਉਹ ਰਾਜ਼ੀ ਹੋ ਜਾਏ ਅਜ ਤੁਸੀਂ ਥੋੜੇ ਹੋ ਤੇ ਘ੍ਰਿਣਾ ਦੀ ਦ੍ਰਿਸ਼ਟੀ ਨਾਲ ਵੇਖੇ ਜਾਂਦੇ ਹੋ ਅਤੇ ਇਕ ਆਜ਼ਮਾਇਸ਼ (ਪਰਖ) ਦੀ ਘੜੀ ਤੁਹਾਡੇ ਤੇ ਹੈ। ਅੱਲਾਹ ਦੇ ਉਸੇ ਕਾਨੂੰਨ ਅਨੁਸਾਰ ਜਿਹੜਾ ਆਦਿ ਤੋਂ ਜਾਰੀ ਹੈ। ਹਰ ਪਾਸਿਉਂ ਜਤਨ ਹੋਣਗੇ ਕਿ ਤੁਸੀਂ ਠੋਕਰ ਖਾਓ ਅਤੇ ਤੁਸੀਂ ਹਰ ਪ੍ਰਕਾਰ ਨਾਲ ਸਤਾਏ ਜਾਉਗੇ ਅਤੇ ਭਿੰਨ ਭਿੰਨ ਪ੍ਰਕਾਰ ਦੀਆਂ ਗੱਲਾਂ ਸੁਨਣੀਆਂ ਪੈਣਗੀਆਂ ਅਤੇ ਹਰਇਕ ਜਿਹੜਾ ਤੁਹਾਨੂੰ ਦੁਖ ਦੇਵੇਗਾ ਉਹ ਖ਼ਿਆਲ ਕਰੇਗਾ ਕਿ ਇਸਲਾਮ ਦੀ ਸੇਵਾ ਕਰ ਰਿਹਾ ਹਾਂ ਅਤੇ ਕੁਝ ਇਕ ਆਕਾਸ਼ੀ ਆਜ਼ਮਾਇਸ਼ਾਂ (ਪ੍ਰੀਖਿਆਵਾਂ) ਵੀ ਤੁਹਾਡੇ ਉੱਤੇ ਆਉਣਗੀਆਂ ਤਾਂ ਤੁਸੀਂ ਹਰ ਢੰਗ ਨਾਲ ਪਰਖੇ ਜਾਓ। ਇਸ ਲਈ ਤੁਸੀਂ ਇਸ ਸਮੇਂ ਸੁਣ ਰੱਖੋ ਕਿ ਤੁਹਾਡੀ ਜਿਤ ਤੇ ਹਾਰ ਦਾ ਇਹ ਮਾਰਗ ਨਹੀਂ ਕਿ ਤੁਸੀਂ ਨਿਗੁਣੀਆਂ ਗੱਲਾਂ ਤੋਂ ਕੰਮ ਲਓ। ਟਿਚਕਰ ਦੇ ਟਾਕਰੇ ਤੇ ਟਿਚਕਰ ਦੀਆਂ ਗੱਲਾਂ ਕਰੋਂ ਜਾਂ ਗਾਲ੍ਹ ਦੀ ਥਾਂ ਗਾਲ੍ਹ ਕਢੋ। ਕਿਉਂਕਿ ਜੇ ਤੁਸੀਂ ਇਹੋ ਹੀ ਮਾਰਗ ਅਪਣਾਇਆ ਤਾਂ ਤੁਹਾਡੇ ਦਿਲ ਕਠੋਰ ਹੋ ਜਾਣਗੇ ਅਤੇ ਤੁਹਾਡੇ ਅੰਦਰ ਕੇਵਲ ਗੱਲਾਂ ਹੀ ਗੱਲਾਂ ਰਹਿ ਜਾਣੀਆਂ ਜੇਹਨਾਂ ਤੋਂ ਖ਼ੁਦਾ ਘਿਰਣਾ ਕਰਦਾ ਹੈ ਅਤੇ ਭੈੜੀ ਦ੍ਰਿਸ਼ਟੀ ਨਾਲ ਵੇਖਦਾ ਹੈ ਇਸ ਲਈ ਤੁਸੀਂ ਅਜਿਹਾ ਨਾ ਕਰੋ ਕਿ ਆਪਣੇ ਉਪਰ ਦੋ ਫਿਟਕਾਰਾਂ ਇਕੱਠੀਆਂ ਕਰ ਲਓ, ਇਕ ਦੁਨੀਆਂ ਦੀ ਅਤੇ ਦੂਜੀ ਖ਼ੁਦਾ ਦੀ ।"

(ਰੂਹਾਨੀ ਖ਼ਜ਼ਾਇਨ ਭਾਗ: 3, ਪੰਨਾ: 546-547, ਇਜ਼ਾ-ਲ ਏ ਔਹਾਮ ਪੰਨਾ: 825-826)

"ਇਹ ਨਾ ਖ਼ਿਆਲ ਕਰੋ ਕਿ ਖ਼ੁਦਾ ਤੁਹਾਨੂੰ ਬਰਬਾਦ ਕਰ ਦਇਗਾ, ਤੁਸੀਂ ਖ਼ੁਦਾ ਦੇ ਹੱਥ ਦਾ ਇਕ ਬੀਜ ਓ, ਜਿਹੜਾ ਕਿ ਧਰਤੀ ਵਿਚ ਬੀਜਿਆ ਗਿਆ, ਖ਼ੁਦਾ ਫ਼ਰਮਾਉਂਦਾ ਹੈ ਕਿ ਇਹ ਬੀਜ ਵਧੇਗਾ, ਫ਼ਲੇ, ਫ਼ੂਲੇਗਾ, ਹਰ ਪਾਸਿਓਂ ਇਸ ਦੀਆਂ ਟਹਿਣੀਆਂ ਨਿਕਲਣਗੀਆਂ ਅਤੇ ਇਕ ਵੱਡਾ ਰੁੱਖ ਬਣ ਜਾਇਗਾ। ਸੋ ਵਧਾਈ ਉਸਨੂੰ ਜਿਹੜਾ ਖ਼ੁਦਾ ਦੀ ਗੱਲ ਤੇ ਵਿਸ਼ਵਾਸ਼ ਰੱਖੇ ਅਤੇ ਵਿਚਾਲੇ ਆਉਣ ਵਾਲੀਆਂ ਔਕੜਾਂ ਤੋਂ ਭੈਭੀਤ ਨਾ ਹੋਵੇ ਕਿਉਂਕਿ ਔਕੜਾਂ (ਪਰਖਾਂ) ਦਾ ਆਉਣਾ ਵੀ ਜ਼ਰੂਰੀ ਹੈ ਤਾਂ ਜੋ ਖ਼ੁਦਾ ਤੁਹਾਡੀ ਪਰਖ ਕਰੇ ਕਿ ਕਿਹੜਾ ਸ਼ਰਧਾਲੂ ਹੋਣ ਦੇ ਐਲਾਨ ਵਿਚ ਸੱਚਾ ਅਤੇ ਕਿਹੜਾ ਝੂਠਾ ਹੈ।

ਉਹ ਜਿਹੜਾ ਕਿਸੇ ਪਰਖ ਤੋਂ ਠੋਕਰ ਖਾਇਗਾ ਉਹ ਖ਼ੁਦਾ ਦਾ ਕੁਝ ਵੀ ਨੁਕਸਾਨ ਨਾ ਕਰ ਸਕੇਗਾ ਅਤੇ ਬੁਰੇ ਖ਼ਿਆਲ ਉਸ ਨੂੰ ਨਰਕ ਤਕ ਪਹੁੰਚਾ ਦੇਣਗੇ। ਜੇ ਕਰ ਉਹ ਜਨਮ ਨਾ ਲੈਂਦਾ ਉਸ ਲਈ ਚੰਗਾ ਸੀ, ਪਰ ਉਹ ਲੋਕ ਜੇਹੜੇ ਅੰਤ ਸਮੇਂ ਤਕ ਸਬਰ ਕਰਨਗੇ ਉਹਨਾਂ ਤੇ ਮੁਸੀਬਤਾਂ ਦੇ ਭੂਚਾਲ ਆਉਣਗੇ ਅਤੇ ਔਕੜਾਂ ਦੀਆਂ ਹਨੇਰੀਆਂ ਝੁਲਣਗੀਆਂ ਅਤੇ ਕੌਮਾਂ ਹਸਣਗੀਆਂ ਅਤੇ ਠੱਠਾ-ਮਸਖ਼ਰੀ ਕਰਨਗੀਆਂ ਅਤੇ ਦੁਨੀਆਂ ਉਹਨਾਂ ਨਾਲ ਘ੍ਰਿਣਾ ਨਾਲ ਪੇਸ਼ ਆਇਗੀ ਉਹ ਅੰਤ ਵਿਚ ਵਿਜਈ ਹੋਣਗੇ ਅਤੇ ਬਰਕਤਾਂ ਦੇ ਬੂਹੇ ਉਹਨਾਂ ਲਈ ਖੋਲੇ ਜਾਣਗੇ ।

ਖ਼ੁਦਾ ਨੇ ਮੈਨੂੰ ਸੰਬੋਧਤ ਕਰਕੇ ਫ਼ਰਮਾਇਆ ਹੈ ਕਿ ਮੈਂ ਆਪਣੀ ਜਮਾਅਤ ਨੂੰ ਸੂਚਨਾਂ ਦਿਆਂ ਕਿ ਜੇਹੜੇ ਲੋਕ ਈਮਾਨ ਲਿਆਏ, ਅਜਿਹਾ ਈਮਾਨ ਜਿਹਦੇ ਨਾਲ ਦੁਨੀਆਂ ਦੀ ਮਿਲਾਵਟ ਨਹੀਂ, ਉਹ ਈਮਾਨ ਨਿਫਾਕ ਤੇ ਬੁਜ਼ ਦਿਲੀ ਦੇ ਰੰਗ ਤੋਂ ਪਵਿੱਤਰ ਹੈ ਅਤੇ ਆਗਿਆਕਾਰੀ ਦੇ ਕਿਸੇ ਪਖੋਂ ਵੀ ਖ਼ਾਲੀ ਨਹੀਂ, ਅਜੇਹੇ ਲੋਕ ਖ਼ੁਦਾ ਨੂੰ ਪਸੰਦ ਹਨ ਅਤੇ ਖ਼ੁਦਾ ਫ਼ਰਮਾਉਂਦਾ ਹੈ ਕਿ ਉਹੀ ਹਨ ਜੇਹਨਾਂ ਦਾ ਮਾਰਗ ਸੱਚਾਈ ਦਾ ਮਾਰਗ ਹੈ"।

(ਰੂਹਾਨੀ ਖ਼ਜ਼ਾਇਨ ਭਾਗ: 20 ਪੰਨਾ: 309, ਅਲਵਸੀਅਤ ਪੰਨਾ 11)

ਸੋ ਹੇ ਉਹ ਸਾਰੇ ਲੋਕੋ! ਜੇਹੜੇ ਆਪਣੇ ਆਪ ਨੂੰ ਮੇਰੀ ਜਮਾਅਤ ਵਿਚ ਸ਼ਾਮਲ ਸਮਝਦੇ ਓ ! ਆਕਾਸ਼ ਤੇ ਤੁਸੀਂ ਉਸ ਸਮੇਂ ਮੇਰੀ ਜਮਾਅਤ ਵਿਚ ਗਿਣੇ ਜਾਉਗੇ, ਜਦ ਸੱਚ-ਮੁੱਚ

ਪਰਹੇਜ਼ਗਾਰੀ ਦੇ ਮਾਰਗ ਤੇ ਚੱਲੋਗੇ, ਇਸ ਲਈ ਆਪਣੀਆਂ ਪੰਜ ਵੇਲੇ ਦੀਆਂ ਨਮਾਜ਼ਾਂ ਅਜਿਹੇ ਖ਼ੌਫ਼ ਨਾਲ ਪੜ੍ਹੋ ਕਿ ਤੁਸੀਂ ਇਉਂ ਪ੍ਰਤੀਤ ਕਰੋ ਜਿਵੇਂ ਕਿ ਖ਼ੁਦਾ ਨੂੰ ਪ੍ਰਤੱਖ ਵੇਖ ਰਹੇ ਹੋ। ਆਪਣੇ 1 ਰੋਜ਼ੇ ਖ਼ੁਦਾ ਦੀ ਖ਼ਾਤਰ ਸੱਚੇ ਦਿਲ ਨਾਲ ਪੂਰਿਆਂ ਕਰੋਂ ਅਤੇ ਹਰ ਇਕ ਜਿਹੜਾ 2 ਜ਼ਕਾਤ ਦੇਣ ਯੋਗ ਹੈ ਉਹ ਜ਼ਕਾਤ ਦੇਵੇ, ਜਿਸ ਤੇ 3 ਹਜ ਫ਼ਰਜ਼ ਹੋ ਚੁਕਾ ਹੈ ਅਤੇ ਇਸ ਵਿਚ ਕੋਈ ਰੁਕਾਵਟ ਨਹੀਂ ਹੈ ਉਹ ਹਜ ਕਰੇ, ਨੇਕੀ ਨੂੰ ਠੀਕ ਢੰਗ ਨਾਲ ਪੂਰਿਆਂ ਕਰੋ ਅਤੇ ਬਦੀ (ਬੁਰਾਈ) ਨੂੰ ਝਬਦੇ ਛਡ ਦਿਓ। ਚੇਤੇ ਰੱਖੋ । ਕੋਈ ਕੰਮ ਖ਼ੁਦਾ ਤਕ ਨਹੀਂ ਪਹੁੰਚਦਾ ਜੇ ਕਰ ਉਹ ਸਚੱਾਈ (ਪਰਹੇਜ਼ਗਾਰੀ) ਤੋਂ ਖਾਲੀ ਹੈ। ਜਿਹੜੇ ਕੰਮ ਵਿਚ ਇਹ ਜੜ ਬਰਬਾਦ ਨਹੀਂ ਹੋਇਗੀ ਉਹ ਕੰਮ ਵੀ ਬਰਬਾਦ ਨਹੀਂ ਹੋਵੇਗਾ। ਜ਼ਰੂਰੀ ਹੈ ਕਿ ਕਈ ਪ੍ਰਕਾਰ ਦੀਂ ਮੁਸੀਬਤਾਂ ਤੇ ਦੁੱਖਾਂ ਰਾਹੀਂ ਤੁਹਾਡੀ ਪਰਖ ਹੋਵੇ ਜਿਹਾ ਕਿ ਆਦਿ ਤੋਂ ਅੱਲਾਹ ਦੇ ਪਿਆਰਿਆਂ ਦੀ ਪ੍ਰੀਖਿਆ ਹੋਈ। ਸੋ ਹੁਸ਼ਿਆਰ ਰਹਿਣਾ! ਅਜਿਹਾ ਨਾ ਹੋਵੇ ਕਿ ਠੋਕਰ ਖਾਓ, ਜ਼ਮੀਨ ਤੁਹਾਡਾ ਕੁਝ ਵਿਗਾੜ ਨਹੀਂ ਸਕਦੀ ਜੇ ਤੁਹਾਡਾ ਆਕਾਸ਼ ਨਾਲ ਪੱਕਾ ਤੇ ਅਟੁਟ ਸੰਬੰਧ ਹੈ। ਜਦ ਕਦੀ ਤੁਸੀਂ ਆਪਣਾ ਨੁਕਸਾਨ ਕਰੋਗੇ, ਤਾਂ ਆਪਣੇ ਹੀ ਹੱਥਾਂ ਨਾਲ, ਨਾ ਕਿ ਦੁਸ਼ਮਣਾ ਦੇ ਹੱਥਾਂ ਨਾਲ । ਜੇਕਰ ਤੁਹਾਡੀ ਸੰਸਾਰਕ ਇੱਜ਼ਤ ਸਾਰੀ ਦੀ ਸਾਰੀ ਜਾਂਦੀ ਰਹੇ ਤਾਂ ਖ਼ੁਦਾ ਤੁਹਾਨੂੰ ਆਕਾਸ਼ਾਂ ਤੇ ਸਦਾ ਰਹਿਣ ਵਾਲੀ ਇੱਜ਼ਤ ਬਖ਼ਸ਼ੇਗਾ। ਇਸ ਲਈ ਤੁਸੀਂ ਉਸਨੂੰ (ਅੱਲਾਹ ਨੂੰ) ਨਾ ਛੱਡੋ। ਇਹ ਜ਼ਰੂਰੀ ਹੈ ਕਿ ਤੁਸੀਂ ਦੁਖ ਦਿੱਤੇ ਜਾਓ। ਅਤੇ ਆਪਣੀਆਂ ਕਈ ਇਕ ਆਸਾਂ ਤੋਂ ਖ਼ਾਲੀ ਰੱਖੇ ਜਾਓ, ਇਸ ਲਈ ਏਹਨਾਂ ਹਾਲਤਾਂ ਵਿਚ ਤੁਸੀਂ ਬੇਦਿਲ ਨਾ ਹੋਣਾ ਕਿਉਂਕਿ ਤੁਹਾਡਾ ਖ਼ੁਦਾ ਤੁਹਾਡੀ ਪਰਖ ਕਰਦਾ ਹੈ। ਜੇ ਕਰ ਤੁਸੀਂ ਚਾਹੁੰਦੇ ਹੋ ਕਿ ਆਕਾਸ਼ ਤੇ ਫ਼ਰਿਸ਼ਤੇ ਵੀ ਤੁਹਾਡੀ ਤਾਰੀਫ਼ ਕਰਨ ਤਾਂ ਤੁਸੀਂ ਮਾਰਾਂ ਖਾਓ ਤੇ ਖੁਸ਼ ਰਹੋ ਅਤੇ ਗਾਲ੍ਹਾਂ ਸੁਣੋ ਤੇ ਸ਼ੁਕਰ ਕਰੋ ਅਤੇ ਅਸਫ਼ਲਤਾ ਵੇਖੋ, ਪਰ ਸੰਬੰਧ ਨਾ ਤੋੜੋ, ਤੁਸੀਂ ਖ਼ੁਦਾ ਦੀ ਅੰਤਮ ਜਮਾਅਤ ਹੋ ਇਸ ਲਈ ਉਹ ਨੇਕ ਨਮੂਨਾ ਵਿਖਾਓ ਜਿਹੜਾ ਆਪਣੀ ਪੂਰਨਤਾ ਵਿਚ ਸਿਖਰ ਨੂੰ ਛੁਹ ਰਿਹਾ ਹੋਵੇ ।"

---

1 ਬਰਤ 2 ਇਸਲਾਮ ਧਰਮ ਦਾ ਚੌਥਾ ਰੁਕਨ (ਥੰਮ) ਧਨ ਦਾ ਉਹ ਭਾਗ ਜਿਹੜਾ ਅੱਲਾਹ ਦੀ ਰਜ਼ਾ ਦੀ ਪ੍ਰਾਪਤੀ ਲਈ ਧਨਾਡਾਂ ਤੋਂ ਲੈ ਕੇ ਨਿਰਧਨਾਂ ਨੂੰ ਦਿੱਤਾ ਜਾਏ। 3 ਇਸਲਾਮ ਧਰਮ ਦਾ 5 ਰੁਕਨ (ਥੰਮ) ਜਦ ਹਜ ਕਰਨ ਦੀਆਂ ਸ਼ਰਤਾਂ ਪ੍ਰਾਪਤ ਹੋਣ ਤਾਂ ਮੱਕਾ ਸ਼ਰੀਫ਼ ਜਾ ਕੇ ਹੱਜ ਦੀ ਇਬਾਦਤ ਪੂਰੀ ਕਰਨੀ

(ਰੂਹਾਨੀ ਖ਼ਜ਼ਾਇਨ ਭਾਗ:19 ਪੰਨਾ: 15, ਕਿਸ਼ਤੀ ਨੂਹ ਪੰਨਾ: 17)
"ਅਨਿਆ ਤੇ ਹੱਠ ਕਰਕੇ ਸੱਚਾਈ ਦਾ ਖ਼ੂਨ ਨਾ ਕਰੋ, ਸੱਚਾਈ ਨੂੰ ਸਵੀਕਾਰ ਕਰੋ, ਭਾਵੇਂ ਇਕ ਨਿੱਕੇ ਬੱਚੇ ਅਤੇ ਭਾਵੇਂ ਇਕ ਵਿਰੋਧੀ ਵੱਲ ਸੱਚਾਈ ਵੇਖੋ ਤਾਂ ਫੇਰ ਆਪਣੇ ਫੋਕੇ ਖਿਆਲਾਂ ਨੂੰ ਛੱਡ ਦਿਓ, ਸੱਚ ਤੇ ਖਲੋ ਜਾਓ ਅਤੇ ਸੱਚੀ ਗਵਾਹੀ ਦਿਓ ਜਿਹਾ ਕਿ ਅੱਲਾਹ ਫ਼ਰਮਾਉਦਾ ਹੈ:-

فَاجْتَنِبُوا الرِّجْسَ مِنَ الْاَوْثَانِ وَاجْتَنِبُوْا قَوْلَ الزُّوْرِ (الحج:٣١)

ਫ਼ਜਤਨਿਬੁਰ-ਰਿਜ-ਸ ਮਿਨਲ ਔਸਾਨਿ ਵਜ ਤਨਿਬੂ ਕੌਲਜ਼ੂਰ
(ਅਲ-ਹੱਜ ਆਇਤ 31)

ਅਰਥਾਤ- ਬੁਤਾਂ ਦੀ ਅਪਵਿੱਤਰਤਾ ਤੋਂ ਬੱਚੋ ਅਤੇ ਝੂਠ ਤੋਂ ਵੀ, ਕਿ ਉਹ ਬੁਤ ਤੋਂ ਘਟ ਨਹੀਂ। ਜਿਹੜੀ ਚੀਜ਼ ਤੁਹਾਨੂੰ ਸੱਚ ਵੱਲੋਂ ਮੋੜਦੀ ਹੈ, ਉਹ ਵੀ ਤੁਹਾਡੀ ਰਾਹ ਵਿਚ ਬੁੱਤ ਹੈ। ਸੱਚੀ ਗਵਾਹੀ ਦਿਓ, ਭਾਵੇਂ ਤੁਹਾਡੇ ਪਿਤਾ, ਭਰਾ ਅਤੇ ਸਜਨਾ ਦੇ ਵਿਰੁਧ ਹੀ ਕਿਉਂ ਨਾ ਹੋਵੇ। ਚਾਹੀਦਾ ਇਹ ਹੈ ਕਿ ਕੋਈ ਦੁਸ਼ਮਣੀ ਤੁਹਾਡੇ ਨਿਆਂ ਵਿਚ ਰੁਕਾਵਟ ਨਾ ਬਣ ਸਕੇ।

ਆਪਸੀ ਲਾਲਚ, ਦੁਸ਼ਮਣੀ, ਘ੍ਰਿਣਾ ਅਤੇ ਬੇ ਰੁਖੀ ਛਡ ਦਿਓ ਅਤੇ ਇਕ ਹੋ ਜਾਓ। ਕੁਰਆਨ ਮਜੀਦ ਦੇ ਵੱਡੇ ਹੁਕਮ ਦੋ ਹੀ ਹਨ, ਇਕ ਅੱਲਾਹ ਦੀ ਮੁਹੱਬਤ ਅਤੇ ਦੂਜਾ ਆਪਣੇ ਭਰਾਵਾਂ ਅਤੇ ਦੂਜੇ ਇਨਸਾਨਾਂ ਨਾਲ ਹਮਦਰਦੀ।"

(ਰੂਹਾਨੀ ਖ਼ਜ਼ਾਇਨ ਭਾਗ: 3 ਪੰਨਾ: 550, ਇਜ਼ਾ-ਲ-ਏ ਔਹਾਮ ਭਾਗ: ਦੂਜਾ ਪੰਨਾ: 83-832 ਐਡੀਸ਼ਨ ਪਹਿਲਾ)

"ਸੱਚਾਈ ਨੂੰ ਅਪਨਾਓ ਕਿ ਉਹ (ਅੱਲਾਹ) ਵੇਖ ਰਿਹਾ ਹੈ ਕਿ ਤੁਹਾਡੇ ਮਨ ਕਿਹੋ ਜਿਹੇ ਹਨ ? ਕੀ ਮਨੁੱਖ ਉਸ ਨੂੰ ਵੀ ਧੋਖਾ ਦੇ ਸਕਦਾ ਹੈ ? ਕੀ ਉਸ ਅੱਗੇ ਵੀ ਮਕਾਰੀਆਂ ਪੇਸ਼ ਜਾ ਸਕਦੀਆਂ ਹਨ।"

(ਰੂਹਾਨੀ ਖ਼ਜ਼ਾਇਨ ਭਾਗ: 3 ਪੰਨਾ: 549, ਇਜ਼ਾ-ਲ-ਏ-ਔਹਾਮ ਭਾਗ: ਦੂਜਾ ਪੰਨਾ: 830 ਐਡੀਸ਼ਨ ਪਹਿਲਾ)

"ਜੇਕਰ ਤੁਸੀਂ ਚਾਹੁੰਦੇ ਹੋ ਕਿ ਆਕਾਸ਼ ਤੇ ਤੁਹਾਡਾ ਖ਼ੁਦਾ ਤੁਹਾਡੇ ਨਾਲ ਖ਼ੁਸ਼ ਹੋ ਜਾਇ, ਤਾਂ ਤੁਸੀਂ ਆਪੋ ਵਿਚ ਅਜਿਹੇ ਹੋ ਜਾਓ

ਜਿਵੇਂ ਇਕ ਮਾਂ ਜਾਇ ਭਰਾ। ਤੁਹਾਡੇ ਵਿੱਚੋਂ ਸਤਿਕਾਰ ਯੋਗ ਉਹ ਹੈ ਜਿਹੜਾ ਆਪਣੇ ਭਰਾ ਦੀਆਂ ਬਹੁਤੀਆਂ ਗ਼ਲਤੀਆਂ ਤੇ ਪਾਪ ਬਖ਼ਸ਼ਦਾ ਹੈ ਅਤੇ ਨੀਚ ਤੇ ਬਦ ਕਿਸਮਤ ਹੈ ਉਹ ਜਿਹੜਾ ਹਠ ਕਰਦਾ ਹੈ ਅਤੇ ਨਹੀਂ ਬਖ਼ਸ਼ਦਾ, ਇਸ ਲਈ ਉਸ ਦਾ ਮੇਰੇ ਵਿਚ ਕੋਈ ਹਿੱਸਾ ਨਹੀਂ। ਅੱਲਾਹ ਦੀ ਫ਼ਿਟਕਾਰ ਤੋਂ ਬਹੁਤ ਡਰਦੇ ਰਹੋ ਕਿ ਉਹ ਪਾਕ ਤੇ ਅਣਖ ਵਾਲਾ ਹੈ। ਬਦ ਚਲਨ ਖ਼ੁਦਾ ਦੀ ਨੇੜਤਾ ਪ੍ਰਾਪਤ ਨਹੀਂ ਕਰ ਸਕਦਾ ਅਤੇ ਹਰਇਕ ਉਹ ਜਿਹੜਾ ਉਸ ਦੇ ਨਾਂ ਦੀ ਅਣਖ ਨਹੀਂ ਰਖਦਾ ਉਸ ਦੀ ਨੇੜਤਾ ਪ੍ਰਾਪਤ ਨਹੀਂ ਕਰ ਸਕਦਾ। ਉਹ ਜਿਹੜਾ ਦੁਨੀਆਂ ਉੱਤੇ ਕੁੱਤਿਆਂ, ਕੀੜੀਆਂ ਅਤੇ ਗਿੱਦਾਂ ਵਾਂਗ ਡਿਗਦੇ ਹਨ ਅਤੇ ਸੰਸਾਰਕ ਮੋਹ ਵਿਚ ਫਸੇ ਹੋਏ ਹਨ ਉਸ ਦੀ ਨੇੜਤਾ (ਅਰਥਾਤ ਪਿਆਰ) ਪ੍ਰਾਪਤ ਨਹੀਂ ਕਰ ਸਕਦੇ। ਹਰ ਇਕ ਅਪਵਿੱਤਰ ਅੱਖ ਉਸ ਤੋਂ ਦੂਰ ਹੈ, ਹਰਇਕ ਅਪਵਿੱਤਰ ਦਿਲ ਉਸ ਤੋਂ ਅਨਜਾਣ ਹੈ। ਉਹ ਜਿਹੜਾ ਉਸ ਲਈ ਅੱਗ ਵਿਚ ਪੈਂਦਾ ਹੈ ਉਹ ਅੱਗ ਤੋਂ ਬਚਾਇਆ ਜਾਏਗਾ। ਉਹ ਜੇਹੜਾ ਉਸ ਲਈ ਰੋਂਦਾ ਹੈ, ਉਹ ਹੱਸੇਗਾ, ਉਹ ਜਿਹੜਾ ਉਸ ਲਈ ਦੁਨੀਆਂ ਨਾਲੋਂ ਤੋੜਦਾ ਹੈ ਉਹ ਉਸ ਨੂੰ ਮਿਲੇਗਾ। ਤੁਸੀਂ ਸੱਚੇ ਹਿਰਦੇ ਨਾਲ ਪੂਰੀ ਸੱਚਾਈ ਨਾਲ ਅਤੇ ਪੂਰੇ ਜੋਸ਼ ਨਾਲ ਖ਼ੁਦਾ ਦੇ ਮਿੱਤਰ ਬਣ ਜਾਓ, ਤਾਂ ਜੋ ਉਹ ਵੀ ਤੁਹਾਡਾ ਮਿੱਤਰ ਬਣ ਜਾਏ। ਤੁਸੀਂ ਆਪਣੇ ਮਤਹਿਤਾਂ ਆਪਣੀਆਂ ਪਤਨੀਆਂ ਅਤੇ ਆਪਣੇ ਨਿਤਾਣੇ ਤੇ ਗ਼ਰੀਬ ਭਰਾਵਾਂ ਉੱਤੇ ਰਹਿਮ ਕਰੋ। ਤੁਸੀਂ ਸੱਚ ਮੁੱਚ ਉਸ ਦੇ ਹੋ ਜਾਓ ਤਾਂ ਜੋ ਉਹ ਵੀ ਤੁਹਾਡਾ ਹੋ ਜਾਏ "।

(ਰੂਹਾਨੀ ਖ਼ਜ਼ਾਇਨ ਭਾਗ: 19 ਪੰਨਾ: 12-13 ਕਿਸ਼ਤੀ ਨੂਹ ਪੰਨਾ: 14-15)

## ਜਮਾਅਤ ਨੂੰ ਨਸੀਹਤਾਂ

"ਮੈਂ ਆਪਣੀ ਜਮਾਅਤ ਨੂੰ ਨਸੀਹਤ ਕਰਦਾ ਹਾਂ ਕਿ ਘੁਮੰਡ ਤੇ ਹੰਕਾਰ ਤੋਂ ਬਚੋ ਕਿਉਂਕਿ ਹੰਕਾਰ ਸਾਡੇ ਖ਼ੁਦਾ ਦੀਆਂ ਅੱਖਾਂ ਵਿਚ ਅਤਿ ਘ੍ਰਿਣਤ ਹੈ ਪਰੰਤੂ ਹੋ ਸਕਦਾ ਹੈ ਕਿ ਤੁਸੀਂ ਨਾ ਸਮਝੋ ਕਿ ਹੰਕਾਰ ਕੀ ਚੀਜ਼ ਹੈ, ਇਸ ਲਈ ਮੈਥੋਂ ਸਮਝ ਲਓ ਕਿ ਮੈਂ ਖ਼ੁਦਾ ਦੀ ਰੂਹ (ਅਰਥਾਤ ਹੁਕਮ) ਨਾਲ ਬੋਲਦਾ ਹਾਂ।

ਹਰ ਇਕ ਮਨੁੱਖ ਜਿਹੜਾ ਆਪਣੇ ਭਰਾ ਨੂੰ ਇਸ ਲਈ ਜ਼ਲੀਲ ਸਮਝਦਾ ਹੈ ਕਿ ਉਹ ਉਸ ਤੋਂ ਵਧ ਵਿਦਵਾਨ, ਸੂਝਵਾਨ ਜਾਂ ਗੁਣਵਾਨ ਹੈ ਉਹ ਘੁਮੰਡੀ ਤੇ ਹੰਕਾਰੀ ਹੈ ਕਿਉਂਕਿ ਉਹ ਖ਼ੁਦਾ ਨੂੰ ਅਕਲ ਤੇ ਵਿਦਿਆ ਦਾ ਸੋਮਾ ਨਹੀਂ ਸਮਝਦਾ ਅਤੇ ਆਪਣੇ ਆਪ ਨੂੰ ਹੀ ਸਭ ਕੁਝ ਸਮਝਦਾ ਹੈ ਕੀ ਖ਼ੁਦਾ ਸ਼ਕਤੀਮਾਨ ਨਹੀਂ ਕਿ ਉਸ ਨੂੰ ਸੁਦਾਈ ਬਣਾ ਦੇਵੇ ਅਤੇ ਉਸ ਦੇ ਭਰਾ ਨੂੰ ਜਿਸ ਨੂੰ ਉਹ ਜ਼ਲੀਲ ਸਮਝਦਾ ਹੈ ਉਸ ਤੋਂ ਵਧ ਅਕਲ ਗੁਣ ਅਤੇ ਗਿਆਨ ਦੇ ਦੇਵੇ। ਅਜਿਹਾ ਹੀ ਉਹ ਮਨੁੱਖ ਜਿਹੜਾ ਆਪਣੀ ਸ਼ਾਨ-ਸ਼ੌਕਤ ਦਾ ਖ਼ਿਆਲ ਕਰਕੇ ਆਪਣੇ ਭਰਾ ਨੂੰ ਜ਼ਲੀਲ ਸਮਝਦਾ ਹੈ ਉਹ ਵੀ ਘੁਮੰਡੀ ਤੇ ਹੰਕਾਰੀ ਹੈ ਕਿਉਂਕਿ ਉਹ ਇਸ ਗਲ ਨੂੰ ਭੁਲ ਗਿਆ ਹੈ ਕਿ ਇਹ ਸ਼ਾਨ ਅਤੇ ਵਡਿਆਈ ਉਸ ਨੂੰ ਖ਼ੁਦਾ ਨੇ ਹੀ ਦਿੱਤੀ ਹੈ ਅਤੇ ਉਹ ਅੰਨ੍ਹਾ ਹੈ ਨਹੀਂ ਜਾਣਦਾ ਕਿ ਉਹ ਖ਼ੁਦਾ ਇਹ ਸ਼ਕਤੀ ਰਖਦਾ ਹੈ ਕਿ ਉਸ ਉੱਤੇ ਇਕ ਪਲ ਵਿੱਚ ਇਕ ਅਜਿਹੀ ਮੁਸੀਬਤ ਉਤਾਰ ਦੇਵੇ ਜਿਸ ਰਾਹੀਂ ਉਸ ਨੂੰ ਸਭ ਤੋਂ ਜ਼ਲੀਲ ਕਰ ਦੇਵੇ ਅਤੇ ਉਸ ਦੇ ਭਰਾ ਨੂੰ ਜਿਸ ਨੂੰ ਉਹ ਜ਼ਲੀਲ ਸਮਝਦਾ ਹੈ ਉਸ ਨੂੰ ਵਧੇਰੇ ਧਨ ਦੌਲਤ ਬਖ਼ਸ਼ ਦੇਵੇ। ਅਜਿਹਾ ਹੀ ਉਹ ਮਨੁੱਖ ਜਿਹੜਾ ਆਪਣੇ ਭਰਾ ਦਾ ਠੱਠੇ ਮਖੌਲ ਨਾਲ ਘ੍ਰਿਣਤ ਭਰਪੂਰ ਨਾਂ ਰਖਦਾ ਹੈ ਅਤੇ ਉਸ ਦੀਆਂ ਸਰੀਰਕ ਊਣਤਾਈਆਂ ਲੋਕਾਂ ਨੂੰ ਸੁਨਾਉਂਦਾ ਹੈ ਉਹ ਵੀ ਘਮੁੰਡੀ ਤੇ ਹੰਕਾਰੀ ਹੈ, ਉਹ ਉਸ ਖ਼ੁਦਾ ਤੋਂ ਅਨਜਾਣ ਹੈ ਕਿ ਇਕ ਪਲ ਵਿਚ ਉਸ ਦੇ ਸਰੀਰ ਨੂੰ ਰੋਗੀ ਬਣਾ ਦੇਵੇ ਇਸ ਤਰ੍ਹਾਂ ਉਸ ਦੇ ਸਰੀਰ ਨੂੰ ਉਸ ਦੇ ਭਰਾ ਨਾਲੋਂ ਵੀ ਭੈੜਾ ਬਣਾ ਦੇਵੇ ।"

(ਰੂਹਾਨੀ ਖ਼ਜ਼ਾਇਨ ਭਾਗ: 18 ਪੰਨਾ: 4012, ਨਜ਼ੂਲੁਲ-ਮਸੀਹ ਪੰਨਾ: 26)

## ਬੱਦ ਜ਼ੱਨੀ (ਬੁਰਾ ਖਿਆਲ ਜਾਂ ਵਿਚਾਰ)

"ਬਦ-ਜ਼ੱਨੀ ਇਕ ਵੱਡੀ ਬਲਾ ਹੈ ਜਿਹੜੀ ਈਮਾਨ ਨੂੰ ਛੇਤੀ ਸਾੜ ਦਿੰਦੀ ਹੈ ਜਿੱਦਾਂ ਕਿ ਬਲਦੀ ਅੱਗ ਕਖ-ਕਾਣ ਨੂੰ। ਉਹ ਜਿਹੜਾ ਖ਼ੁਦਾ ਦੇ ਪੈਗੰਬਰਾਂ ਤੇ ਬਦ ਜ਼ੱਨੀ ਕਰਦਾ ਹੈ, ਖ਼ੁਦਾ ਉਸ ਦਾ ਦੁਸ਼ਮਨ ਹੋ ਜਾਂਦਾ ਹੈ ਅਤੇ ਉਸ ਵੱਲੋਂ ਜੁਧ ਕਰਨ ਲਈ ਖਲੋ ਜਾਂਦਾ ਹੈ। ਉਹ ਆਪਣੇ ਨੇਕ ਬੰਦਿਆਂ ਅਰਥਾਤ ਨਬੀਆਂ, ਪੈਗੰਬਰਾਂ ਲਈ ਐਨੀ ਗ਼ੈਰਤ ਰਖਦਾ ਹੈ ਕਿ ਕਿਤੇ ਉਸਦੀ ਉਦਾਹਰਣ ਨਹੀਂ

ਲਭਦੀ। ਮੇਰੇ ਉੱਤੇ ਜਦ ਕਈ ਪ੍ਰਕਾਰ ਦੇ ਹਮਲੇ ਹੋਏ ਤਾਂ ਉਹੀ ਖ਼ੁਦਾ ਦੀ ਅਣਖ ਜੋਸ਼ ਵਿਚ ਆਈ।"

(ਰੂਹਾਨੀ ਖ਼ਜ਼ਾਇਨ ਭਾਗ: 20 ਪੰਨਾ, 317, ਰਸਾਲਾ ਅਲਵਸੀਅਤ ਪੰਨਾ, 19)

"ਮੈਂ ਸੱਚ ਕਹਿੰਦਾ ਹਾਂ ਕਿ ਬਦ-ਜ਼ਨੀ ਅਤਿ ਬੁਰੀ ਬਲਾ ਹੈ ਜਿਹੜੀ ਮਨੁੱਖ ਦੇ ਈਮਾਨ ਨੂੰ ਨਸ਼ਟ ਕਰ ਦਿੰਦੀ ਹੈ ਅਤੇ ਮਿੱਤਰਾਂ ਨੂੰ ਵੈਰੀ ਬਣਾ ਦਿੰਦੀ ਹੈ। ਸੱਚਿਆਂ (ਅਰਥਾਤ ਨਬੀਆਂ, ਪੈਗੰਬਰਾਂ) ਦੇ ਕਮਾਲ ਪ੍ਰਾਪਤ ਕਰਨ ਲਈ ਜ਼ਰੂਰੀ ਹੈ ਕਿ ਮਨੁੱਖ ਬਦ-ਜ਼ਨੀ ਤੋਂ ਬਹੁਤ ਬਚੇ। ਜੇਕਰ ਕਿਸੇ ਪ੍ਰਤੀ ਬੁਰਾ ਖ਼ਿਆਲ ਪੈਦਾ ਹੋਵੇ ਤਾਂ (ਖ਼ੁਦਾ ਤੋਂ) ਬਹੁਤ ਬਖਸ਼ਿਸ਼ ਮੰਗੇ ਅਤੇ ਅਰਦਾਸਾਂ ਕਰੇ, ਤਾਂ-ਜੁ ਉਸ ਦੀ ਬੁਰਾਈ ਦੇ ਭੈੜੇ ਸਿੱਟੇ ਤੋਂ ਬਚ ਜਾਏ, ਜਿਹੜਾ ਉਸ ਬਦ ਜ਼ਨੀ ਮਗਰੋਂ ਆਉਣ ਵਾਲਾ ਹੈ। ਇਸ ਨੂੰ ਕਦੇ ਤੁਛ ਚੀਜ਼ ਨਹੀਂ ਸਮਝਣਾ ਚਾਹੀਦਾ ਇਹ ਵੱਡਾ ਖ਼ਤਰਨਾਕ ਰੋਗ ਹੈ ਜਿਸ ਰਾਹੀਂ ਮਨੁੱਖ ਛੇਤੀ ਤਬਾਹ ਹੋ ਜਾਂਦਾ ਹੈ ।' (ਮਲਫ਼ੂਜ਼ਾਤ ਭਾਗ: 1, ਪੰਨਾ 372)

"ਅਤੇ ਚਾਹੀਦਾ ਹੈ ਕਿ ਤੁਸੀਂ ਵੀ ਹਮਦਰਦੀ ਅਤੇ ਆਪਣੇ ਦਿਲਾਂ ਨੂੰ ਪਵਿੱਤਰ ਕਰਨ ਨਾਲ 1 ਰੂਹੁਲ-ਕੁਦੁਸ ਤੋਂ ਹਿੱਸਾ ਲਵੋ, ਕਿਉਂਕਿ ਰੂਹੁਲ-ਕੁਦੁਸ ਬਿਨਾਂ ਯਥਾਰਥਕ ਪਰਹੇਜ਼ਗਾਰੀ ਪ੍ਰਾਪਤ ਨਹੀਂ ਹੋ ਸਕਦੀ। ਦਿਲ ਦੇ ਭੈੜੇ ਜਜ਼ਬਿਆਂ (ਜੋਸ਼ਾਂ) ਨੂੰ ਛੱਡ (ਤਿਆਗ) ਕੇ ਖ਼ੁਦਾ ਦੀ ਰਜ਼ਾ ਲਈ ਉਹ ਰਾਹ ਅਪਨਾਓ ਜਿਸ ਤੋਂ ਭੀੜਾ ਰਾਹ ਹੋਰ ਕੋਈ ਨਹੀਂ। ਦੁਨੀਆਂ ਦੇ ਸਵਾਦਾਂ ਤੇ ਖੁਸ਼ ਨਾ ਹੋਵੋ ਕਿ ਉਹ ਖ਼ੁਦਾ ਤੋਂ ਵੱਖਰਿਆਂ ਕਰਦੇ ਹਨ ਅਤੇ ਖ਼ੁਦਾ ਲਈ ਤੰਗੀ-ਤੁਰਸ਼ੀ ਦਾ ਜੀਵਨ ਬਤੀਤ ਕਰੋ। ਉਹ ਦੁਖ ਜਿਸ ਤੋਂ ਖ਼ੁਦਾ ਖੁਸ਼ — ਹੋਵੇ ਉਸ ਜਿਤ ਤੋਂ ਚੰਗਾ ਹੈ ਜਿਹੜੀ ਅੱਲਾਹ ਦੇ ਗੁੱਸੇ ਦਾ ਕਾਰਨ ਬਣੇ। ਉਸ ਮੁਹੱਬਤ ਨੂੰ ਛੱਡ ਦਿਓ ਜਿਹੜੀ ਖ਼ੁਦਾ ਦੇ ਕਰੋਧ ਦੇ ਨੇੜੇ ਕਰੇ ਜੇਕਰ ਤੁਸੀਂ ਪਵਿੱਤਰ ਮਨ ਨਾਲ ਉਸ ਵਲ ਆ ਜਾਓ ਤਾਂ ਹਰ ਇਕ ਰਸਤੇ ਵਿਚ ਉਹ ਤੁਹਾਡੀ ਸਹਾਇਤਾ ਕਰੇਗਾ ਅਤੇ ਕੋਈ ਵੈਰੀ ਤੁਹਾਨੂੰ ਹਾਨੀ ਨਹੀਂ ਪਹੁੰਚਾ ਸਕੇਗਾ।"

(ਰੂਹਾਨੀ ਖ਼ਜ਼ਾਇਨ ਭਾਗ: 20 ਪੰਨਾ, 307, ਰਸਾਲਾ ਅਲਵਸੀਅਤ ਪੰਨਾ :: 9)

"ਮਨੁੱਖ ਦੀ ਸਾਰੀ ਆਤਮਕ ਸੁੰਦਰਤਾ, ਪਰਹੇਜ਼ਗਾਰੀ ਦੀਆਂ ਸਾਰੀਆਂ ਸੂਖਮ ਰਾਹਾਂ ਉੱਤੇ ਕਦਮ ਰਖਣਾ ਹੈ, (ਅਰਥਾਤ ਚਲਨਾ

---

1 ਪਾਕ ਰੂਹ, ਜਿਬਰਾਈਲ ਫਰਿਸ਼ਤਾ

ਹੈ) ਅਤੇ ਪ੍ਰਗਟ ਹੈ ਕਿ ਖ਼ੁਦਾ ਦੀਆਂ ਅਮਾਨਤਾਂ (ਅਰਥਾਤ ਬਖਸ਼ੀਆਂ ਸ਼ਕਤੀਆਂ) ਅਤੇ ਈਮਾਨ ਦੇ ਇਕਰਾਰ ਦੀ ਜਿੱਥੋਂ ਤਕ ਹੋ ਸਕੇ ਪਾਲਨਾ ਕਰਨਾ ਅਤੇ ਇਸ ਦੇ ਟਾਕਰੇ ਤੇ ਉਸ (ਖ਼ੁਦਾ) ਦੇ ਬੰਦਿਆਂ ਦੇ ਹੱਕਾਂ ਦਾ ਖ਼ਿਆਲ ਰਖਣਾ ਇਹ ਉਹ ਢੰਗ ਹੈ ਕਿ ਇਨਸਾਨ ਦੀ ਸਾਰੀ ਆਤਮਕ ਸੁੰਦਰਤਾ ਇਸ ਨਾਲ ਸੰਬੰਧਤ ਹੈ ਅਤੇ ਖ਼ੁਦਾ ਨੇ ਕੁਰਆਨ ਮਜੀਦ ਵਿਚ ਤਕਵਾ (ਪਰਹੇਜ਼ਗਾਰੀ) ਨੂੰ ਲਿਬਾਸ ਦਾ ਨਾਂ ਦਿੱਤਾ ਹੈ ਕਿਉਂਕਿ 'ਲਿਬਾਸੁਤ-ਤਕਵਾ ਕੁਰਆਨ ਮਜੀਦ ਦਾ ਸ਼ਬਦ ਹੈ, ਇਹ ਇਸ ਗਲ ਵਲ ਇਸ਼ਾਰਾ ਹੈ ਕਿ ਆਤਮਕ ਖ਼ੂਬਸੂਰਤੀ ਤੇ ਸੁੰਦਰਤਾ ਤਕਵਾ (ਪਰਹੇਜ਼ਗਾਰੀ) ਤੋਂ ਹੀ ਉਤਪਨ ਹੁੰਦੀ ਹੈ ਅਤੇ ਪਰਹੇਜ਼ਗਾਰੀ ਇਹ ਹੈ ਕਿ ਇਨਸਾਨ ਖ਼ੁਦਾ ਦੀਆਂ ਸਾਰੀਆਂ ਅਮਾਨਤਾਂ (ਬਖ਼ਸ਼ੀਆਂ ਸ਼ਕਤੀਆਂ) ਅਤੇ ਕੀਤੇ ਇਕਰਾਰਾਂ ਦੀ ਅਤੇ ਅਜਿਹਾ ਹੀ ਮਖ਼ਲੂਕ ਦੀਆਂ ਸਾਰੀਆਂ ਅਮਾਨਤਾਂ (ਅਰਥਾਤ ਉਸ ਦੇ ਹਕ-ਹਕੂਕ) ਦੀ ਪਾਲਨਾ ਕਰੇ ਅਤੇ ਉਹਨਾਂ ਦੇ ਸੂਖਮ ਤੋਂ ਸੂਖਮ ਵਿਸ਼ਿਆਂ ਉੱਤੇ ਸ਼ਕਤੀ ਅਨੁਸਾਰ ਨਿੱਯਮ ਬੱਧ ਹੋ ਜਾਵੇ।।"

(ਰੂਹਾਨੀ ਖ਼ਜ਼ਾਇਨ ਭਾਗ : 21 ਪੰਨਾ : 210 ਜ਼ਮੀ-ਮ ਬਰਾਹੀਨ ਅਹਿਮਦੀਆ ਭਾਗ : 5 ਪੰਨਾ : 52 ਐਡੀਸ਼ਨ ਪਹਿਲਾ)

"ਉਹ ਖ਼ੁਦਾ ਅਤਿ ਵਫ਼ਾਦਾਰ ਖ਼ੁਦਾ ਹੈ ਅਤੇ ਵਫ਼ਾਦਾਰ ਲਈ ਉਸ ਦੇ ਅਦਭੁਤ ਚਮਤਕਾਰ ਪ੍ਰਗਟ ਹੁੰਦੇ ਹਨ। ਦੁਨੀਆਂ ਚਾਹੁੰਦੀ ਹੈ ਕਿ ਉਹਨਾਂ ਨੂੰ ਖਾ ਜਾਏ ਹਰ ਇਕ ਦੁਸ਼ਮਣ ਉਹਨਾਂ ਤੇ ਦੰਦ ਪੀਂਹਦਾ ਹੈ, ਪਰ ਉਹ ਜਿਹੜਾ ਉਹਨਾਂ ਦਾ ਮਿੱਤਰ ਹੈ, ਹਰ ਇਕ ਤਬਾਹੀ ਦੀ ਥਾਂ ਤੋਂ ਉਹਨਾਂ ਨੂੰ ਬਚਾਉਂਦਾ ਹੈ ਅਤੇ ਹਰ ਇਕ ਮੈਦਾਨ ਵਿਚ ਉਹਨਾਂ ਨੂੰ ਜਿਤ ਬਖ਼ਸ਼ਦਾ ਹੈ, ਕਿਹਾ ਨੇਕ ਸੁਭਾ ਰਖਣ ਵਾਲਾ ਉਹ ਮਨੁੱਖ ਹੈ ਜੋ ਉਸ ਖ਼ੁਦਾ ਦਾ ਪੱਲੂ ਨਾ ਛੱਡੇ।"

(ਰੂਹਾਨੀ ਖ਼ਜ਼ਾਇਨ ਭਾਗ : 19, ਪੰਨਾ, 20, ਕਿਸ਼ਤੀ ਨੂਹ ਪੰਨਾ :22)

# ਵਹੀ 1 ਤੇ 2 ਇਲਹਾਮ

---

1-2 ਖ਼ੁਦਾ ਦਾ ਅਜਿਹਾ ਕਲਾਮ (ਬਾਣੀ), ਜਿਸ ਰਾਹੀਂ ਉਹ ਨਬੀਆਂ, ਪੈਗੰਬਰਾਂ ਨਾਲ ਬੋਲਦਾ ਹੈ।

"ਜਦ ਖ਼ੁਦਾ ਆਪਣੇ ਕਿਸੇ ਬੰਦੇ ਨੂੰ ਕਿਸੇ ਗੁਪਤ ਭੇਤ (ਰਾਜ਼ ਜਾਂ ਕੰਮ) ਤੋਂ ਉਸ ਬੰਦੇ ਦੀ ਦੁਆ (ਅਰਦਾਸ) ਮਗਰੋਂ, ਜਾਂ ਆਪਣੇ ਆਪ ਜਾਣੂ ਕਰਾਉਣਾ ਚਾਹੁੰਦਾ ਹੈ ਤਾਂ ਇਕ ਪਲ ਵਿਚ ਬੇਹੋਸ਼ੀ ਅਤੇ 1 ਰਬੂਦਗੀ ਉਸ ਤੇ ਲਿਆਉਂਦਾ ਹੈ, ਜਿਸ ਰਾਹੀਂ ਉਹ ਬੰਦਾ ਉੱਕਾ ਹੀ ਆਪਣੇ ਆਪ ਵਿਚ ਗਵਾਚ ਜਾਂਦਾ ਹੈ ਅਤੇ ਉਸ ਬੇਹੋਸ਼ੀ ਤੇ ਰਬੂਦਗੀ ਵਿਚ ਅਜਿਹਾ ਡੁਬ ਜਾਂਦਾ ਹੈ ਜਿੱਦਾਂ ਕੋਈ ਪਾਣੀ ਵਿਚ ਗੋਤਾ ਮਾਰਦਾ ਹੈ ਅਤੇ ਹੇਠਾਂ ਪਾਣੀ ਵਿਚ ਚਲਾ ਜਾਂਦਾ ਹੈ। ਭਾਵ ਇਹ ਕਿ ਜਦ ਬੰਦਾ ਏਸ ਰਬੂਦਗੀ ਦੀ ਅਵਸਥਾ ਤੋਂ ਜਿਹੜੀ ਕਿ ਗੋਤੇ ਨਾਲ ਅਤਿ ਮੇਲ ਖਾਂਦੀ ਹੈ, ਬਾਹਰ ਆਉਂਦਾ ਹੈ ਤਾਂ ਆਪਣੇ ਆਪ ਵਿਚ ਕੁਝ ਅਜਿਹਾ ਵੇਖਦਾ ਹੈ ਜਿਹਾ ਕਿ ਇਕ ਗੂੰਜ ਪਈ ਹੋਵੇ ਜਦੋਂ ਉਹ ਗੂੰਜ ਕੁਝ ਦੂਰ ਹੁੰਦੀ ਹੈ ਤਾਂ ਅਚਨ-ਚੇਤ ਉਹਨੂੰ ਆਪਣੇ ਅੰਦਰੋਂ ਇਕ ਢੁਕਵੀਂ ਸੂਖਮ ਤੇ ਸੁਆਦਲਾ ਕਲਾਮ (ਬਾਣੀ) ਅਨੁਭਵ ਹੁੰਦਾ ਹੈ ਅਤੇ ਰਬੂਦਗੀ ਦਾ ਇਹ ਗੋਤਾ ਜਿਸ ਦੇ ਕਰਿਸ਼ਮੇਂ ਵਰਨਣ ਕਰਨ ਲਈ ਸ਼ਬਦ ਕਾਫੀ ਨਹੀਂ, ਇਹ ਇਕ ਅਜਿਹੀ ਅਵਸਥਾ ਹੈ, ਜਿਸ ਨਾਲ ਗਿਆਨ ਦਾ ਇਕ ਦਰਿਆ ਜਾਰੀ ਹੋ ਜਾਂਦਾ ਹੈ ਕਿਉਂਕਿ ਜਦ ਖ਼ੁਦਾ ਮੁੜ ਮੁੜ ਦੁਆ (ਅਰਦਾਸ) ਕਰਨ ਸਮੇਂ ਆਪਣੇ ਬੰਦੇ ਉੱਤੇ ਗੋਤੇ ਤੇ ਰਬੂਦਗੀ ਦੀ ਹਾਲਤ ਲਿਆਉਂਦਾ ਹੈ, ਤਦ ਉਸ ਦੀ ਹਰ ਇਕ ਦੁਆ ਦਾ ਉਸਨੂੰ ਸੂਖਮ, ਸ਼ਾਂਤ ਮਈ ਅਤੇ ਮਿਠਾਸ ਭਰਿਆ ਉੱਤਰ ਦਿੰਦਾ ਹੈ। ਹਰ ਇਕ ਪ੍ਰਸ਼ਨ ਦੀ ਹਾਲਤ ਵਿਚ ਉਹ ਸੱਚਾਈਆਂ ਉਸ ਤੇ ਖੋਲ੍ਹਦਾ ਹੈ ਜਿਹਨਾਂ ਦਾ ਖੋਲ੍ਹਣਾ ਇਨਸਾਨ ਦੀ ਤਾਕਤ ਤੋਂ ਬਾਹਰ ਹੈ, ਤਾਂ ਇਹ ਗਲ (ਕਾਰਜ) ਉਸ (ਬੰਦੇ) ਲਈ ਹੋਰ ਗਿਆਨ ਅਤੇ ਇਰਫਾਨ (ਅੱਲਾਹ ਦੀ ਪਹਿਚਾਨ) ਦਾ ਕਾਰਨ ਹੋ ਜਾਂਦੀ ਹੈ। ਬੰਦੇ ਦਾ ਦੁਆ ਕਰਨਾ ਅਤੇ ਖ਼ੁਦਾ ਦਾ ਆਪਣੀ ਖ਼ੁਦਾਈ ਚਮਕਾਰ ਨਾਲ ਦੁਆ ਦਾ ਉੱਤਰ ਦੇਣਾ, ਇਹ ਇਕ ਅਜਿਹੀ ਗਲ ਹੈ ਕਿ ਇਕ ਪ੍ਰਕਾਰ ਨਾਲ ਇਸ ਦੁਨੀਆ ਵਿਚ ਬੰਦਾ ਆਪਣੇ ਖ਼ੁਦਾ ਨੂੰ ਵੇਖ ਲੈਂਦਾ ਹੈ ਅਤੇ ਇਸ ਤਰ੍ਹਾਂ ਦੋਵੇਂ ਲੋਕ (ਲੋਕ ਪਰਲੋਕ) ਬਿਨਾਂ ਕਿਸੇ ਫ਼ਰਕ ਦੇ ਇਕ ਸਮਾਨ ਹੋ ਜਾਂਦੇ ਹਨ।"

(ਰੂਹਾਨੀ ਖ਼ਜ਼ਾਇਨ ਭਾਗ : 1 ਪੰਨਾ : 260-262 ਬਰਾਹੀਨ ਅਹਿਮਦੀਆ ਪੰਨਾ, 260-262 ਪਹਿਲਾ ਐਡੀਸ਼ਨ)

"ਰੱਬੀ ਕਲਾਮ (ਇਲਹਾਮ) ਦਾ ਦੂਜਾ ਢੰਗ ਇਹ ਹੈ ਜਿਸ ਦਾ ਮਨੁੱਖ

---

1 ਅੱਧ ਨੀਂਦ ਦੀ ਅਵਸਥਾ)

ਦੇ ਦਿਲ ਨਾਲ ਕੁਝ, ਸੰਬੰਧ ਨਹੀਂ, ਸਗੋਂ ਇਹ ਬਾਹਰਲੀ ਆਵਾਜ਼ ਹੈ ਅਤੇ ਆਵਾਜ਼ ਅਜਿਹੀ ਅਨੁਭਵ ਹੁੰਦੀ ਹੈ, ਜਿਵੇਂ ਪਰਦੇ (ਉਟ) ਪਿੱਛੇ ਕੋਈ ਮਨੁੱਖ ਬੋਲ ਰਿਹਾ ਹੁੰਦਾ ਹੈ, ਪਰੰਤੂ ਇਹ ਆਵਾਜ਼ ਅਤਿ ਮਿਠਾਸ ਭਰੀ ਅਤੇ ਪਿਆਰੀ ਤੇ ਥੋੜੀ ਤੀਬਰ ਹੁੰਦੀ ਹੈ ਅਤੇ ਦਿਲ ਨੂੰ ਇਸ ਨਾਲ ਇਕ ਮਿਠਾਸ ਪਹੁੰਚਦੀ ਹੈ। ਇਨਸਾਨ ਇਕ ਹਦ ਤਕ ਖ਼ਿਆਲ ਵਿਚ ਡੁੱਬਾ ਹੁੰਦਾ ਹੈ ਕਿ ਇਕ ਦਮ ਇਹ ਆਵਾਜ਼ ਆ ਜਾਂਦੀ ਹੈ ਅਤੇ ਮਨੁੱਖ ਇਹ ਆਵਾਜ਼ ਸੁਣ ਕੇ ਅਚੰਭੇ ਵਿਚ ਪੈ ਜਾਂਦਾ ਹੈ ਕਿ ਕਿਧਰੋਂ ਇਹ ਆਵਾਜ਼ ਆਈ ਅਤੇ ਕਿਸ ਨੇ ਮੇਰੇ ਨਾਲ ਕਲਾਮ ਕੀਤਾ ਤੇ ਹੈਰਾਨੀ ਵਿਚ ਅਗਾਂਹ ਪਿਛਾਂਹ ਵੇਖਦਾ ਹੈ, ਫਿਰ ਸਮਝ ਜਾਂਦਾ ਹੈ ਕਿ ਇਹ ਆਵਾਜ਼ ਕਿਸੇ ਫ਼ਰਿਸ਼ਤੇ ਨੇ ਦਿੱਤੀ ਹੈ ਅਤੇ ਬਾਹਰਲੀ ਆਵਾਜ਼ ਵਧੇਰੇ ਕਰਕੇ ਖ਼ੁਸ਼ਖ਼ਬਰੀ ਦੇ ਤੌਰ ਤੇ ਆਉਂਦੀ ਹੈ ਕਿ ਜਦ ਮਨੁੱਖ ਕਿਸੇ ਮਾਮਲੇ ਵਿਚ ਅਤਿ ਚਿੰਤਾ ਤੇ ਫ਼ਿਕਰ ਦੀ ਅਵਸਥਾ ਵਿਚ ਹੁੰਦਾ ਹੈ ।"

(ਰੂਹਾਨੀ ਖ਼ਜ਼ਾਇਨ ਭਾਗ : 1 ਪੰਨਾ : 28, ਬਰਾਹੀਨ ਅਹਿਮਦੀਆ ਹਾਸ਼ੀਆ ਦਰ ਹਾਸ਼ੀਆ)

"ਅਜਿਹਾ ਹੀ ਨੂਰ ਦੀ ਬਖ਼ਸ਼ਿਸ਼ ਦੇਣ ਵਿਚ ਵੀ ਉਸ ਦਾ (ਅਰਥਾਤ ਖ਼ੁਦਾ ਦਾ) ਇਹੀ ਕਾਨੂੰਨ ਹੈ ਕਿ ਜਿਸ ਕੋਲ ਕੁਝ ਹੁੰਦਾ ਹੈ, ਉਸੇ ਨੂੰ ਹੋਰ ਨੂਰ ਦਿੱਤਾ ਜਾਂਦਾ ਹੈ ਅਤੇ ਜਿਸ ਕੋਲ ਕੁਝ ਨਹੀਂ ਹੁੰਦਾ ਉਸਨੂੰ ਕੁਝ ਨਹੀਂ ਦਿੱਤਾ ਜਾਂਦਾ। ਜਿਹੜਾ ਮਨੁੱਖ ਅੱਖਾਂ ਦਾ ਨੂਰ ਰਖਦਾ ਹੈ ਉਹ ਹੀ ਸੂਰਜ ਦਾ ਨੂਰ ਪਾਉਂਦਾ ਹੈ, ਜਿਸ ਕੋਲ ਅੱਖਾਂ ਦਾ ਨੂਰ ਨਹੀਂ ਉਹ ਸੂਰਜ ਦੇ ਨੂਰ ਤੋਂ ਵੀ ਬੇਨਸੀਬ ਤੇ ਖ਼ਾਲੀ ਰਹਿੰਦਾ ਹੈ ਅਤੇ ਜਿਸ ਨੂੰ ਜਮਾਂਦਰੂ ਨੂਰ ਘਟ ਮਿਲਦਾ ਹੈ ਉਸ ਨੂੰ ਦੂਜਾ ਨੂਰ ਵੀ ਘਟ ਮਿਲਦਾ ਹੈ ਅਤੇ ਜਿਸ ਨੂੰ ਜਮਾਂਦਰੂ ਨੂਰ ਵੱਧ ਮਿਲਦਾ ਹੈ ਉਸਨੂੰ ਦੂਜਾ ਨੂਰ ਵੀ ਵਧ ਮਿਲਦਾ ਹੈ।"

(ਰੂਹਾਨੀ ਖ਼ਜ਼ਾਇਨ ਭਾਗ : 1 ਪੰਨਾ, 194-195, ਬਰਾਹੀਨ ਅਹਿਮਦੀਆ ਹਾਸ਼ੀਆ ਨੰ: 11)

"ਖ਼ੁਦਾ ਨੇ ਆਪਣੇ ਇਸ ਅਦਭੁਤ ਸੰਸਾਰ ਨੂੰ ਤਿੰਨ ਭਾਗਾਂ ਵਿਚ ਵੰਡਿਆ ਹੋਇਆ ਹੈ

1. ਪ੍ਰਗਟ ਸੰਸਾਰ, ਜਿਹੜਾ ਅੱਖਾਂ ਕੰਨਾਂ ਤੇ ਗਿਆਨੇਂਦਰੀਆਂ ਅਤੇ ਹੋਰ ਪ੍ਰਗਟ ਸਾਧਨਾਂ ਰਾਹੀਂ ਅਨੁਭਵ ਹੋ ਸਕਦਾ ਹੈ।

2. ਗੁਪਤ ਜਾਂ ਆਤਮਕ ਸੰਸਾਰ, ਜਿਹੜਾ ਅਕਲ ਅਨੁਭਵ ਅਤੇ ਅੰਦਾਜ਼ੇ ਰਾਹੀਂ ਸਮਝ ਵਿਚ ਆ ਸਕਦਾ ਹੈ।

3. ਗੁਪਤ ਦਰ ਗੁਪਤ ਸੰਸਾਰ, ਜਿਹੜਾ ਅਜਿਹਾ ਕੋਮਲ, ਅਨੰਤ ਤੇ ਖ਼ਿਆਲਾਂ ਤੋਂ ਉੱਚਾ ਸੰਸਾਰ ਹੈ। ਥੋੜੇ ਹਨ ਜੋ ਉਸ ਤੋਂ ਜਾਣਕਾਰੀ ਰੱਖਦੇ ਹਨ ਉਹ ਸੰਸਾਰ ਅਜਿਹਾ ਗੁਪਤ ਹੈ ਜਿਸ ਤਕ ਅਪੜਣ ਦੀ ਅਕਲਾਂ ਨੂੰ ਸ਼ਕਤੀ ਨਹੀਂ ਦਿੱਤੀ ਗਈ।

ਇਸ ਸੰਸਾਰ ਦੀ ਕੁਝ-ਕੁਝ ਕਸ਼ਫ਼, ਇਲਹਾਮ ਅਤੇ ਵਹੀ ਦੁਆਰਾ ਖ਼ਬਰ ਮਿਲਦੀ ਹੈ ਕਿਸੇ ਹੋਰ ਸਾਧਨ ਨਾਲ ਨਹੀਂ। ਜਿਹਾ ਕਿ ਅੱਲਾਹ ਦੀ ਆਦਤ ਪ੍ਰਗਟ ਤੌਰ ਤੇ ਸਿਧ ਤੇ ਪਰਖੀ ਹੋਈ ਹੈ ਕਿ ਉਸ ਨੇ ਇਹਨਾਂ ਦੋਵਾਂ ਸੰਸਾਰਾਂ ਦੀ ਜਾਣਕਾਰੀ ਪ੍ਰਾਪਤ ਕਰਨ ਲਈ ਜੇਹਨਾਂ ਦਾ ਉੱਪਰ ਵਰਨਣ ਹੋ ਚੁਕਿਆ ਹੈ ਮਨੁੱਖ ਨੂੰ ਭਿੰਨ ਭਿੰਨ ਪ੍ਰਕਾਰ ਦੀਆਂ ਸ਼ਕਤੀਆਂ ਬਖ਼ਸ਼ੀਆਂ ਹਨ ਜਿਹਾ ਕਿ ਵੇਖਣ, ਸੁਣਨ, ਚਖਣ, ਸੁੰਘਣ ਅਤੇ ਅਨੁਭਵ ਅਤੇ ਸੂਝ-ਬੂਝ ਆਦਿ ਦੀ ਸ਼ਕਤੀ।

ਇਸੇ ਪ੍ਰਕਾਰ ਇਸ ਤੀਜੀ ਪ੍ਰਕਾਰ ਦੇ ਸੰਸਾਰ ਦੀ ਜਾਣਕਾਰੀ ਪ੍ਰਾਪਤ ਕਰਨ ਲਈ ਵੀ ਉਸ ਦਿਆਲੂ ਪ੍ਰਭੂ ਨੇ ਮਨੁੱਖ ਲਈ ਇਕ ਸਾਧਨ ਰੱਖਿਆ ਹੈ, ਉਹ ਸਾਧਨ ਵਹੀ, ਇਲਹਾਮ, ਅਤੇ ਕਸ਼ਫ਼ ਹੈ, ਜਿਹੜਾ ਕਿ ਕਿਸੇ ਸਮੇਂ ਵੀ ਰੁਕਿਆ ਨਹੀਂ ਰਹਿ ਸਕਦਾ। ਸਗੋਂ ਉਸ ਦੀਆਂ ਸ਼ਰਤਾਂ ਦਾ ਪਾਲਨ ਕਰਨ ਵਾਲੇ ਹਮੇਸ਼ਾਂ ਹੀ ਉਸ ਨੂੰ ਪ੍ਰਾਪਤ ਕਰ ਰਹੇ ਹਨ ਅਤੇ ਹਮੇਸ਼ਾਂ ਹੀ ਪ੍ਰਾਪਤ ਕਰਦੇ ਰਹਿਣਗੇ।"

(ਰੂਹਾਨੀ ਖ਼ਜ਼ਾਇਨ ਭਾਗ : 2 ਪੰਨਾ : 127-128, ਸੁਰਮਾ ਚਸ਼ਮ ਆਰੀਆ ਪੰਨਾ : 175-176)

## ਫ਼ਰਿਸ਼ਤੇ

"ਕੁਰਆਨ ਮਜੀਦ ਨੂੰ ਧਿਆਨ ਨਾਲ ਪੜ੍ਹਨ ਤੋਂ ਇਹ ਪਤਾ ਲਗਦਾ ਹੈ ਕਿ ਮਨੁੱਖ ਹੀ ਨਹੀਂ ਸਗੋਂ ਉਹ ਸਾਰੀ ਸ੍ਰਿਸ਼ਟੀ ਜਿਸ ਦਾ ਸੰਬੰਧ ਸਾਡੀ ਇਸ ਧਰਤੀ ਨਾਲ ਹੈ ਉਸ ਦੀ ਪ੍ਰਗਟ ਤੇ ਗੁਪਤ ਦੇਖ-ਭਾਲ ਲਈ ਕਈ ਇਕ ਸਾਧਨਾਂ ਦਾ ਹੋਣਾ ਜ਼ਰੂਰੀ ਹੈ।"

"ਕੁਰਆਨ ਮਜੀਦ ਦੇ ਭਿੰਨ ਭਿੰਨ ਸੰਕੇਤਾਂ ਰਾਹੀਂ ਪ੍ਰਗਟ ਤੌਰ ਤੇ ਇਹ ਜਾਣਕਾਰੀ ਹੁੰਦੀ ਹੈ ਕਿ ਉਹ ਵਿਅਕਤੀਆਂ ਜੇਹੜੀਆਂ ਫ਼ਰਿਸ਼ਤਿਆਂ ਦੇ ਨਾਂ ਨਾਲ ਪੁਕਾਰੀਆਂ ਜਾਂਦੀਆਂ ਹਨ ਉਹਨਾਂ ਦੇ ਸੰਬੰਧ ਆਕਾਸ਼ਾਂ ਦੇ ਵਖ ਵਖ ਭਾਗਾਂ ਨਾਲ ਵਖ ਵਖ ਹਨ। ਕੁਝ-ਇਕ ਆਪਣੇ ਵਿਸ਼ੇਸ਼ ਪ੍ਰਭਾਵ ਨਾਲ ਹਵਾ ਚਲਾਉਣ, ਵਰਖਾ ਵਰ੍ਹਾਉਣ ਅਤੇ ਕੁਝ-ਇਕ ਹੋਰ ਪ੍ਰਭਾਵਾਂ ਨੂੰ ਧਰਤੀ ਉੱਤੇ ਉਤਾਰਨ ਵਾਲੇ ਹਨ।"

(ਰੂਹਾਨੀ ਖ਼ਜ਼ਾਇਨ ਭਾਗ: 3 ਪੰਨਾ: 70 ਤੌਜ਼ੀ-ਏ-ਮੁਰਾਮ ਪੰਨਾ: 37 ਐਡੀਸ਼ਨ ਪਹਿਲਾ)

"ਇਹ ਵੀ ਚੇਤੇ ਰਖਣਾ ਚਾਹੀਦਾ ਹੈ ਕਿ ਇਸਲਾਮੀ ਸ਼ਰੀਅਤ (ਕਾਨੂਨ) ਅਨੁਸਾਰ ਫ਼ਰਿਸ਼ਤਿਆਂ ਦੀਆਂ ਖ਼ੂਬੀਆਂ ਦਾ ਦਰਜਾ ਮਨੁੱਖ ਦੀਆਂ ਖ਼ੂਬੀਆਂ ਤੋਂ ਵੱਧ ਨਹੀਂ, ਸਗੋਂ ਮਨੁੱਖੀ ਖ਼ੂਬੀਆਂ ਫਰਿਸ਼ਤਿਆਂ ਦੀਆਂ ਖ਼ੂਬੀਆਂ ਤੋਂ ਕਿਤੇ ਵਧ ਸਰੇਸ਼ਟ ਹਨ ਅਤੇ ਸਰੀਰਕ ਜਾਂ ਆਤਮਕ ਪ੍ਰਬੰਧ ਵਿਚ ਉਹਨਾਂ (ਫ਼ਰਿਸ਼ਤਿਆਂ) ਦਾ ਵਾਸਤਾ ਉਹਨਾਂ ਦੀ ਸਰੇਸ਼ਠਤਾ ਨੂੰ ਸਿਧ ਨਹੀਂ ਕਰਦਾ ਸਗੋਂ ਕੁਰਆਨ ਸਜੀਦ ਦੀ ਸਿਖਿਆ ਅਨੁਸਾਰ ਉਹ ਸੇਵਕਾਂ ਵਾਂਗ ਇਸ ਕੰਮ ਵਿਚ ਲਾਏ ਗਏ ਹਨ।"

(ਰੂਹਾਨੀ ਖ਼ਜ਼ਾਇਨ ਭਾਗ: 3 ਪੰਨਾ: 74, ਤੌਜ਼ੀ-ਏ-ਮੁਰਾਮ ਪੰਨਾ: 45 ਐਡੀਸ਼ਨ ਪਹਿਲਾ)

"ਹੋ ਸਕਦਾ ਹੈ ਕਿ ਕੋਈ ਅਨਜਾਣ ਇਸ ਹੈਰਾਨੀ ਵਿਚ ਪਵੇ, ਕਿ ਫ਼ਰਿਸ਼ਤਿਆਂ ਦਾ ਉਤਰਨਾ ਕੀ ਮਤਲਬ ਰਖਦਾ ਹੈ ਸੋ ਚੇਤੇ ਰਹੇ ਕਿ ਅੱਲਾਹ ਦਾ ਕਾਨੂਨ ਕੁਝ ਇਸ ਤਰ੍ਹਾਂ ਨਾਲ ਜਾਰੀ ਹੈ ਕਿ ਜਦੋਂ ਕੋਈ ਨਬੀ ਜਾਂ ਮੁਹੱਦਿਸ ਅੱਲਾਹ ਦੀ ਮਖ਼ਲੂਕ ਦੇ ਆਤਮਕ ਸੁਧਾਰ ਲਈ ਆਕਾਸ਼ਾਂ ਤੋਂ ਉਤਰਦਾ ਹੈ (ਅਰਥਾਤ ਅੱਲਾਹ ਦੇ ਹੁਕਮ ਨਾਲ ਜਨਮ ਲੈਂਦਾ ਹੈ) ਤਾਂ ਜ਼ਰੂਰ ਉਸ ਦੇ ਨਾਲ ਨਾਲ ਅਜਿਹੇ ਫ਼ਰਿਸ਼ਤੇ ਉਤਰਦੇ ਹਨ। ਜਿਹੜੇ ਤਿਆਰ ਦਿਲਾਂ ਨੂੰ ਸੁਮਾਰਗ ਵਲ ਲਾਉਣ ਲਈ ਉਹਨਾਂ ਦੀ ਰੁਚੀ ਫੇਰਦੇ ਹਨ ਅਤੇ ਲਗਾਤਾਰ ਉਤਰਦੇ ਰਹਿੰਦੇ ਹਨ, ਇੱਥੋਂ ਤਕ ਕਿ ਕੁਮਾਰਗ ਦਾ ਹਨੇਰਾ ਦੂਰ ਹੋ ਜਾਂਦਾ ਅਤੇ ਈਮਾਨ (ਵਿਸ਼ਵਾਸ) ਤੇ ਸੱਚਾਈ ਦੀ ਸਵੇਰ ਪ੍ਰਗਟ ਹੋ ਜਾਂਦੀ ਹੈ, ਜਿਹਾ ਕਿ ਅੱਲਾਹ ਫ਼ਰਮਾਉਂਦਾ ਹੈ :-

تَنَزَّلُ الْمَلٰٓئِكَةُ وَالرُّوْحُ فِيْهَا بِاِذْنِ رَبِّهِمْ مِنْ كُلِّ اَمْرٍ

سَلٰمٌ هِيَ حَتّٰى مَطْلَعِ الْفَجْرِ (سُورۃ القدر : ٥، ٦)

ਤ-ਨਜ਼-ਜ਼ਲੁਲ ਮਲਾਇ-ਕਤੁ ਵਰ-ਰੂਹੁ ਫ਼ੀਹਾ ਬਿਇਜ਼ਨਿ ਰੱਬਿਹਿਮ ਮਿਨ ਕੁੱਲਿ ਅਮਰਿਨ, ਸਲਾਮੁਨ ਹਿ-ਯ ਹੱਤਾ ਮਤ-ਲ-ਇਲ-ਫ਼ਜਰ (ਸੂਰਤ ਅਲ-ਕਦਰ, ਆਇਤ : 5-6)

ਅਰਥਾਤ :- ਹਰ ਪ੍ਰਕਾਰ ਦੇ ਫ਼ਰਿਸ਼ਤੇ ਤੇ (ਪੂਰਨ) ਰੂਹ (ਜਿਬਰਾਈਲ) ਇਸ ਰਾਤ (ਨਬੀ ਦੇ ਜਨਮ ਲੈਣ ਦਾ ਸਮਾਂ) ਵਿਚ ਆਪਣੇ ਸਾਜਨਹਾਰ ਤੇ ਪਾਲਨਹਾਰ ਦੇ ਹੁਕਮ ਨਾਲ (ਸਾਰੇ ਆਰਥਕ

ਤੇ ਪ੍ਰਮਾਰਥਕ) ਮਾਮਲੇ ਲੈ ਕੇ ਉਤਰਦੇ ਹਨ। (ਫੇਰ ਉਹਨਾਂ ਫ਼ਰਿਸ਼ਤਿਆਂ ਦੇ ਉਤਰਣ ਮਗਰੋਂ ਤਾਂ) ਸਲਾਮਤੀ (ਹੀ ਸਲਾਮਤੀ) ਹੁੰਦੀ ਹੈ, (ਅਰਥਾਤ) ਇਹ ਦਸ਼ਾ ਸਵੇਰ ਦੇ ਪਹੁ-ਫੁਟਾਲੇ ਤਕ ਰਹਿੰਦੀ ਹੈ।

ਸੋ ਫ਼ਰਿਸ਼ਤਿਆਂ ਅਤੇ ਰੂਹੁਲ-ਕੁਦੁਸ (ਜਿਬਰਾਈਲ) ਦਾ ਉਤਰਨਾ ਉਸ ਸਮੇਂ ਹੁੰਦਾ ਹੈ ਜਦ ਕਿ ਇਕ ਵੱਡੀ ਸ਼ਾਨ ਵਾਲਾ ਬੰਦਾ ਖ਼ਿਲਾਫ਼ਤ(ਅਰਥਾਤ ਅੱਲਾਹ ਦੀ ਪ੍ਰਤੀ ਨਿਧਤਾ) ਦੀ ਪੁਸ਼ਾਕ ਪਹਿਨ ਕੇ ਅੱਲਾਹ ਦੇ ਕਲਾਮ ਦਾ ਮਾਨ ਪ੍ਰਾਪਤ ਕਰਕੇ ਧਰਤੀ ਤੇ ਉਤਰਦਾ ਹੈ (ਅਰਥਾਤ ਆਉਂਦਾ ਜਾਂ ਜਨਮ ਲੈਂਦਾ ਹੈ) ਰੂਹੁਲ-ਕੁਦੁਸ (ਜਿਬਰਾਈਲ ਫ਼ਰਿਸ਼ਤੇ ਦੀ ਸਹਾਇਤਾ) ਵਿਸ਼ੇਸ਼ ਤੌਰ ਤੇ ਉਸ ਖ਼ਲੀਫ਼ੇ ਨੂੰ ਮਿਲਦੀ ਹੈ।"

(ਰੂਹਾਨੀ ਖ਼ਜ਼ਾਇਨ ਭਾਗ: 3 ਪੰਨਾ: 12, ਫ਼ਤਹਿ ਇਸਲਾਮ ਹਾਸ਼ੀਆ ਪੰਨਾ: 16 ਐਡੀਸ਼ਨ ਪਹਿਲਾ)

# ਅੱਲਾਹ ਦੀ ਰਾਹ ਵਿਚ ਜਿਹਾਦ ਕਰਨਾ (ਅਰਥਾਤ ਅੱਲਾਹ ਦੀ ਰਜ਼ਾ ਦੀ ਪ੍ਰਾਪਤੀ ਲਈ ਜਤਨ ਕਰਨੇ )

"ਇਸਲਾਮ ਨੇ ਕਦੇ ਵੀ ਜਬਰ ਦੀ ਸਿਖਿਆ ਨਹੀਂ ਦਿੱਤੀ, ਜੇਕਰ ਕੁਰਆਨ ਮਜੀਦ, ਹਦੀਸ ਅਤੇ ਇਸਲਾਮੀ ਇਤਿਹਾਸ ਦੀਆਂ ਪੁਸਤਕਾਂ ਨੂੰ ਗੌਰ ਨਾਲ ਵੇਖਿਆ ਜਾਏ ਅਤੇ ਜਿੱਥੋਂ ਤੀਕ ਮਨੁੱਖ ਲਈ ਸੰਭਵ ਹੈ, ਧਿਆਨ ਨਾਲ ਪੜ੍ਹਿਆ ਜਾਂ ਸੁਣਿਆ ਜਾਏ ਤਾਂ ਇੰਨੀ ਵਿਸ਼ਾਲ ਜਾਣਕਾਰੀ ਮਗਰੋਂ ਇਹ ਅਟਲ ਵਿਸ਼ਵਾਸ ਪੈਦਾ ਹੋਇਗਾ ਕਿ ਇਹ ਆਰੋਪ ਕਿ ਇਸਲਾਮ ਨੇ ਧਰਮ ਨੂੰ ਫ਼ੈਲਾਉਣ ਲਈ ਤਲਵਾਰ ਚੁੱਕੀ ਹੈ, ਉੱਕਾ ਹੀ ਖੋਖਲਾ (ਜਿਹਦੀ ਕੋਈ ਬੁਨਿਆਦ ਨਾ ਹੋਵੇ) ਅਤੇ ਸ਼ਰਮ ਯੋਗ ਇਲਜ਼ਾਮ ਹੈ ਅਤੇ ਇਹ ਉਹਨਾਂ ਲੋਕਾਂ ਦਾ ਖ਼ਿਆਲ ਹੈ, ਜੇਹਨਾਂ ਨੇ ਜ਼ਿੱਦ ਤੋਂ ਵਖ ਹੋਕੇ, ਕੁਰਆਨ ਮਜੀਦ, ਹਦੀਸ ਅਤੇ ਇਸਲਾਮੀ ਪ੍ਰਮਾਣਿਤ ਇਤਿਹਾਸ ਨੂੰ ਨਹੀਂ ਪੜ੍ਹਿਆਂ ਜਾਂ ਵੇਖਿਆ, ਸਗੋਂ ਝੂਠ ਤੇ ਇਲਜ਼ਾਮ ਲਾਉਣ ਤੋਂ ਕੰਮ ਲਿਆ, ਪਰ ਮੈਂ ਜਾਣਦਾ ਹਾਂ ਕਿ ਹੁਣ ਉਹ ਸਮਾਂ ਆ ਗਿਆ ਹੈ ਕਿ ਸਚਾਈ ਦੇ ਭੁੱਖੇ ਤੇ ਤ੍ਰਿਹਾਏ ਏਹਨਾਂ ਇਲਜ਼ਾਮਾਂ ਦੀ ਅਸਲੀਅਤ ਤੋਂ ਜਾਣੂ ਹੋ

ਜਾਣਗੇ। ਕੀ ਉਸ ਧਰਮ ਨੂੰ ਅਸੀਂ ਜਬਰ (ਧੱਕੇ) ਦਾ ਧਰਮ ਕਹਿ ਸਕਦੇ ਹਾਂ ? ਜਿਸ ਦੀ ਪੁਸਤਕ ਕੁਰਆਨ ਮਜੀਦ ਵਿਚ ਪ੍ਰਗਟ ਤੌਰ ਤੇ ਇਹ ਲਿਖਿਆ ਹੈ ਕਿ :-

لَآ اِكْرَاهَ فِى الدِّيْنِ (البقرہ آیت ۲۵۷)

ਲਾ ਇਕਰਾ-ਹ ਫ਼ਿੱਦੀਨ

(ਸੂਰਤ ਬਕਰ, ਆਇਤ: 257)

ਅਰਥਾਤ:– ਧਰਮ ਵਿਚ ਪਰਵੇਸ਼ ਕਰਨ ਲਈ ਜਬਰ (ਧੱਕਾ) ਜਾਇਜ਼ ਨਹੀਂ। ਕੀ ਅਸੀਂ ਉਸ ਬਜ਼ੁਰਗ ਨਬੀ ਨੂੰ ਜਬਰ ਦਾ ਇਲਜ਼ਾਮ ਦੇ ਸਕਦੇ ਹਾਂ ਜਿਸ ਨੇ ਮੱਕੇ ਦੇ ਤੇਰ੍ਹਾਂ ਵਰ੍ਹਿਆਂ ਵਿਚ ਆਪਣੇ ਮਿੱਤਰਾਂ ਨੂੰ ਦਿਨ ਰਾਤ ਇਹ ਹੀ ਨਸੀਹਤ ਕੀਤੀ ਕਿ ਬਦੀ ਦਾ ਟਾਕਰਾ ਨਾ ਕਰੋ ਅਤੇ ਸਬਰ ਕਰਦੇ ਰਹੋ। ਹਾਂ, ਜਦ ਵੈਰੀਆਂ ਦੀ ਬਦੀ ਹੱਦੋਂ ਵੱਧ ਗਈ ਅਤੇ ਇਸਲਾਮ ਨੂੰ ਮਿਟਾਉਣ ਲਈ ਸਾਰੀਆਂ ਕੌਮਾਂ ਨੇ ਇਕੱਠਿਆਂ ਹੋ ਕੇ ਕੋਸ਼ਿਸ਼ ਕੀਤੀ ਉਸ ਵੇਲੇ ਅੱਲਾਹ ਦੀ ਗ਼ੈਰਤ (ਸ਼ਰਮ) ਨੇ ਇਹ ਚਾਹਿਆ ਕਿ ਜੇਹੜੇ ਲੋਕ ਤਲਵਾਰ ਚੁਕਦੇ ਹਨ ਉਹ ਤਲਵਾਰ ਨਾਲ ਹੀ ਕਤਲ ਕੀਤੇ ਜਾਣ। ਇਸ ਤੋਂ ਬਿਨਾਂ ਕੁਰਆਨ ਮਜੀਦ ਨੇ ਉੱਕਾ ਹੀ ਜਬਰ ਦੀ ਸਿੱਖਿਆ ਨਹੀਂ ਦਿੱਤੀ। ਜੇ ਕਰ ਜਬਰ ਦੀ ਸਿੱਖਿਆ ਹੁੰਦੀ ਤਾਂ ਸਾਡੇ ਨਬੀ (ਹਜ਼ਰਤ ਮੁਹੰਮਦ ਸਲ-ਲੱਲਾਹੁ ਅਲੈਹਿਵਸੱਲਮ) ਦੇ ਸਹਾਬਾ (ਸਾਥੀ) ਜਬਰ ਦੀ ਸਿਖਿਆ ਕਾਰਨ ਇਸ ਯੋਗ ਨਾ ਹੁੰਦੇ ਕਿ ਪ੍ਰੀਖਿਆਵਾਂ (ਮੁਸੀਬਤਾਂ) ਦੇ ਅਵਸਰ ਤੇ ਸੱਚੇ ਈਮਾਨਦਾਰਾਂ ਵਾਂਗ ਸਚੱਾਈ ਦਾ ਨਮੂਨਾ ਵਿਖਾਉਂਦੇ। ਪਰੰਤੂ ਸਾਡੇ ਨਬੀ ਹਜ਼ਰਤ ਮੁਹੰਮਦ (ਸਲ-ਲੱਲਾਹੁ ਅਲੈਹਿ ਵਸੱਲਮ) ਦੇ ਸਹਾਬਾ (ਸਾਥੀਆਂ) ਦੀ ਵਫ਼ਾਦਾਰੀ ਇਕ ਅਜਿਹੀ ਗਲ ਹੈ ਜਿਸ ਦੇ ਪ੍ਰਗਟ ਕਰਨ ਦੀ ਸਾਨੂੰ ਲੋੜ ਨਹੀਂ। ਇਹ ਗਲ ਕਿਸੇ ਤੋਂ ਲੁਕੀ ਹੋਈ ਨਹੀਂ ਕਿ ਉਹਨਾਂ ਦੀ ਸਚੱਾਈ ਤੇ ਵਫ਼ਾਦਾਰੀ ਦੇ ਨਮੂਨੇ ਇੱਥੋਂ ਤਕ ਜ਼ਾਹਰ ਹੋਏ ਕਿ ਦੂਜੀਆਂ ਕੌਮਾਂ ਵਿਚ ਉਹਨਾਂ ਦੀ ਮਿਸਾਲ ਮਿਲਨੀ ਮੁਸ਼ਕਿਲ ਹੈ। ਇਸ ਵਫਾਦਾਰ ਕੌਮ ਨੇ ਤਲਵਾਰ ਥੱਲੇ ਵੀ ਆਪਣੀ ਵਫ਼ਾਦਾਰੀ ਤੇ ਸਚੱਾਈ ਨੂੰ ਨਹੀਂ ਛੱਡਿਆ, ਸਗੋਂ ਆਪਣੇ ਬਜ਼ੁਰਗ ਤੇ ਪਾਕ ਨਬੀ ਦੀ ਸੰਗਤ ਅਤੇ ਹਜ਼ੂਰੀ ਵਿਚ ਉਹ ਸਚੱਾਈ ਵਿਖਾਈ ਕਿ ਕਦੇ ਮਨੁੱਖ ਵਿਚ ਉਹ ਸਚੱਾਈ ਨਹੀਂ ਆ ਸਕਦੀ ਜਦ ਤਕ ਉਹਦਾ ਦਿਲ ਅਤੇ ਸੀਨਾ ਸਚੱਾਈ

ਨਾਲ ਰੋਸ਼ਨ ਨਾ ਹੋ ਗਿਆ ਹੋਵੇ।"

(ਰੂਹਾਨੀ ਖ਼ਜ਼ਾਇਨ ਭਾਗ: 15 ਪੰਨਾ: 11-12 ਮਸੀਹ ਹਿੰਦੁਸਤਾਨ ਮੇਂ ਮੁੱਖ ਬੰਦ)

"ਸਾਰੇ ਸੱਚੇ ਮੁਸਲਮਾਨ ਜੇਹੜੇ ਦੁਨੀਆਂ ਤੋਂ ਗੁਜ਼ਰ ਗਏ। ਕਦੇ ਉਹਨਾਂ ਦਾ ਇਹ ਵਿਚਾਰ ਨਹੀਂ ਸੀ ਕਿ ਇਸਲਾਮ ਨੂੰ ਤਲਵਾਰ ਨਾਲ ਫ਼ੈਲਾਉਣਾ ਚਾਹੀਦਾ ਹੈ। ਸਗੋਂ ਇਸਲਾਮ ਆਪਣੀਆਂ ਨਿੱਜੀ ਖ਼ੂਬੀਆਂ (ਵਿਸ਼ੇਸ਼ਤਾਈਆਂ) ਕਾਰਨ ਦੁਨੀਆਂ ਵਿਚ ਫ਼ੈਲਿਆ ਹੈ, ਸੋ ਜੇਹੜੇ ਲੋਕ ਮੁਸਲਮਾਨ ਅਖਵਾ ਕੇ ਕੇਵਲ ਇਹ ਹੀ ਜਾਣਦੇ ਹਨ ਕਿ ਇਸਲਾਮ ਤਲਵਾਰ ਨਾਲ ਫੈਲਾਉਣਾ ਚਾਹੀਦਾ ਹੈ ਉਹ ਇਸਲਾਮ ਦੀਆਂ ਆਪਣੀਆਂ ਖ਼ੂਬੀਆਂ ਤੋਂ ਜਾਣੂ ਨਹੀਂ ਹਨ।"

(ਰੂਹਾਨੀ ਖ਼ਜ਼ਾਇਨ ਭਾਗ: 15 ਪੰਨਾ: 167, ਤਰਿਆਕੁਲ – ਕੁਲੂਬ ਪੰਨਾ: 39 ਹਾਸ਼ੀਆ)

## ਦੁਆ (ਅਰਦਾਸ)

"ਜਦ ਅੱਲਾਹ ਦੀ ਕ੍ਰਿਪਾਲਤਾ ਨੇੜੇ ਆਉਂਦੀ ਹੈ ਤਾਂ ਉਹ ਦੁਆ (ਅਰਦਾਸ) ਸਵੀਕਾਰ ਕਰਨ ਦੇ ਸਾਧਨ ਪੈਦਾ ਕਰ ਦਿੰਦਾ ਹੈ ਦਿਲ ਵਿਚ ਇਕ ਰੋਣ ਜਿਹੀ ਦਰਦ ਭਰੀ ਅਤੇ ਦਿਲ ਨੂੰ ਪਿਘਲਾ ਦੇਣ ਵਾਲੀ ਅਵਸਥਾ ਪੈਦਾ ਹੋ ਜਾਂਦੀ ਹੈ। ਪਰੰਤੂ ਜਦੋਂ ਦੁਆ (ਅਰਦਾਸ) ਦੇ ਸਵੀਕਾਰ ਹੋਣ ਦਾ ਸਮਾਂ ਨਹੀਂ ਹੁੰਦਾ ਤਾਂ ਦਿਲ ਵਿਚ ਸ਼ਾਂਤੀ ਅਤੇ ਲਗਨ ਪੈਦਾ ਨਹੀਂ ਹੁੰਦੀ। ਤਬੀਅਤ (ਮਨ) ਉੱਤੇ ਕਿੱਨਾ ਵੀ ਜ਼ੋਰ ਕਿਉਂ ਨਾ ਪਾਓ, ਪਰ ਮਨ ਉਸ ਪਾਸੇ ਨਹੀਂ ਲਗਦਾ। ਜਿਸ ਦਾ ਕਾਰਨ ਇਹ ਹੈ ਕਿ ਕਦੇ ਖ਼ੁਦਾ ਆਪਣੀ ਰਜ਼ਾ (ਮਰਜ਼ੀ) ਮਨਵਾਉਂਣਾ ਚਾਹੁੰਦਾ ਹੈ ਅਤੇ ਕਦੇ ਦੁਆ ਸਵੀਕਾਰ ਕਰਦਾ ਹੈ। ਇਸ ਲਈ ਮੈਂ ਜਦ ਤੀਕ ਅੱਲਾਹ ਦੀ ਆਗਿਆ ਦੇ ਚਿੰਨ੍ਹ ਨਾ ਵੇਖ ਲਵਾਂ , ਦੁਆ ਦੇ ਸਵੀਕਾਰ ਹੋਣ ਦੀ ਘਟ ਹੀ ਆਸ ਰਖਦਾ ਹਾਂ ਅਤੇ ਉਸ (ਖ਼ੁਦਾ) ਦੀ ਰਜ਼ਾ ਉੱਤੇ, ਉਸ ਦੁਆ ਦੇ ਸਵੀਕਾਰ ਹੋਣ ਦੀ ਪ੍ਰਸੰਨਤਾ ਨਾਲੋਂ ਵਧੇਰੇ ਰਾਜ਼ੀ ਹੋ ਜਾਂਦਾ ਹੈ। ਕਿਉਂਕਿ ਉਸ ਦੀ ਰਜ਼ਾ ਦੇ ਫਲ ਅਤੇ ਬਰਕਤਾਂ ਉਸ ਦੇ (ਅਰਥਾਤ ਦੁਆ ਦੇ ਸਵੀਕਾਰ ਹੋਣ) ਤੋਂ ਕਿਤੇ ਵਧ ਹਨ।"

(ਮਲਫ਼ੂਜ਼ਾਤ ਭਾਗ: 1 ਪੰਨਾ: 46)

# ਸਾਡੇ ਅਕੀਦੇ (ਵਿਚਾਰ, ਸਿਧਾਂਤ)

"ਸਾਡੇ ਧਰਮ ਦਾ ਸੰਖੇਪ ਤੇ ਸਾਰ ਅੰਸ਼ ਇਹ ਹੈ ਕਿ:-

لَآ اِلٰـهَ اِلَّا اللّٰهُ مُحَمَّدٌ رَّسُوْلُ اللّٰهِ

ਲਾਇਲਾ-ਹ ਇਲ-ਲੱਲਾਹੁ ਮੁਹੰਮ-ਮ ਦੁਰ-ਰਸੂਲੁੱਲਾਹਿ

ਅਰਥਾਤ ਅੱਲਾਹ ਤੋਂ ਬਿਨਾ ਹੋਰ ਕੋਈ ਇਸ਼ਟ ਨਹੀਂ ਹੈ ਅਤੇ ਮੁਹੰਮਦ ਅੱਲਾਹ ਦੇ ਰਸੂਲ ਹਨ।

ਸਾਡਾ ਅਕੀਦਾ (ਵਿਸ਼ਵਾਸ) ਜਿਹੜਾ ਅਸੀਂ ਇਸ ਦੁਨੀਆਂ ਵਿਚ ਰੱਖਦੇ ਹਾਂ, ਜਿਸ ਨਾਲ ਅਸੀਂ ਖ਼ੁਦਾ ਦੀ ਅਪਾਰ ਕ੍ਰਿਪਾ ਸਦਕਾ ਇਸ ਫ਼ਾਨੀ ਦੁਨੀਆ ਤੋਂ ਕੂਚ ਕਰਾਂਗੇ, ਇਹ ਹੈ ਕਿ ਸਾਡੇ ਸਰਦਾਰ ਤੇ ਮਹਿਬੂਬ ਹਜ਼ਰਤ ਮੁਹੰਮਦ ਸਲ-ਲੱਲਾਹੁ ਅਲੈਹਿਵਸੱਲਮ ਖ਼ਾ-ਤ ਮੰਨਬੀਯੀਨ, ਖ਼ੈਰੁਲ ਮੁਰ-ਸ-ਲੀਨ ਹਨ। ਜਿਹਨਾਂ ਦੇ ਹੱਥਾਂ ਰਾਹੀਂ ਧਰਮ ਅੰਤਲੀ ਪੂਰਨਤਾ ਤੀਕਰ ਪਹੁੰਚ ਗਿਆ ਹੈ ਅਤੇ ਪੈਗ਼ੰਬਰੀ ਦੀਆਂ ਬਖ਼ਸ਼ਸ਼ਾਂ ਆਪਣੀ ਅੰਤਲੀ ਸਿਖਰ ਨੂੰ ਛੁਹ ਚੁੱਕੀਆਂ ਹਨ। ਜੇਹਨਾਂ ਦੁਆਰਾ ਮਨੁੱਖ ਸੱਚੇ ਮਾਰਗ ਨੂੰ ਗ੍ਰਹਿਣ ਕਰਕੇ ਖ਼ੁਦਾ ਤਕ ਪਹੁੰਚ ਸਕਦਾ ਹੈ ਅਤੇ ਅਸੀਂ ਪੱਕੇ ਵਿਸ਼ਵਾਸ ਨਾਲ ਆਖਦੇ ਅਤੇ ਈਮਾਨ ਰੱਖਦੇ ਹਾਂ ਕਿ ਕੁਰਆਨ ਮਜੀਦ ਆਕਾਸ਼ੀ ਪੁਸਤਕਾਂ ਵਿਚੋਂ ਸਭ ਤੋਂ ਉੱਤਮ ਹੈ ਅਤੇ ਇਕ ਸ਼ਬਦ ਜਾਂ ਕੋਈ ਲਗ-ਮਾਤਰ ਜਾਂ ਕੋਈ ਬਿੰਦੀ ਉਹਦੇ ਕਾਨੂਨ, ਹੱਦ ਜਾਂ ਹੁਕਮਾਂ ਵਿੱਚੋਂ ਘਟ ਵੱਧ ਨਹੀਂ ਕੀਤੀ ਜਾ ਸਕਦੀ ਅਤੇ ਹੁਣ ਅੱਲਾਹ ਵੱਲੋਂ ਕੋਈ ਇਲਹਾਮ ਜਾਂ ਵਹੀ (ਆਕਾਸ਼ ਬਾਣੀ) ਅਜਿਹੀ ਨਹੀਂ ਹੋ ਸਕਦੀ। ਜਿਹੜੀ ਕਿ ਕੁਰਆਨ ਮਜੀਦ ਦੇ ਕਿਸੇ ਹੁਕਮ ਵਿਚ ਤਬਦੀਲੀ ਜਾਂ ਉਸ ਨੂੰ ਰੱਦ ਕਰ ਸਕਦੀ ਹੋਵੇ। ਜੇ ਕਰ ਕੋਈ ਅਜਿਹਾ ਖ਼ਿਆਲ ਕਰੇ ਤਾਂ ਉਹ ਮੇਰੇ ਖ਼ਿਆਲ ਮੂਜਬ ਮੋਮਨਾਂ (ਸ਼ਰਧਾਲੂਆਂ) ਦੀ ਜਮਾਅਤ ਤੋਂ ਨਿਕਲਿਆ ਹੋਇਆ ਕਾਫ਼ਿਰ ਅਤੇ ਅਧਰਮੀ ਹੈ।"

(ਰੂਹਾਨੀ ਖ਼ਜ਼ਾਇਨ ਭਾਗ: 3 ਪੰਨਾ: 170 ਤੇ 129, ਇਜ਼ਾ -ਲ-ਏ- ਔਹਾਮ ਪੰਨਾ: 137.138 ਐਡੀਸ਼ਨ ਪਹਿਲਾ)

"ਹੇ ਓਹ ਸਾਰੇ ਲੋਕੋ ! ਜੇਹੜੇ ਧਰਤੀ ਤੇ ਵਸਦੇ ਹੋ ਅਤੇ ਸਭ ਮਨੁੱਖੀ ਰੂਹੋ (ਆਤਮਾਓ) ਜੇਹੜੀਆਂ ਕਿ ਪੂਰਬ, ਪੱਛਮ ਵਿਚ ਆਬਾਦ ਓ !! ਮੈਂ ਪੂਰੀ ਸ਼ਕਤੀ ਨਾਲ ਇਸ ਦਾਅਵਤ ਵਲ ਸੱਦਾ ਦਿੰਦਾ

ਹਾਂ ਕਿ ਹੁਣ ਧਰਤੀ ਉੱਤੇ ਸੱਚਾ ਧਰਮ ਕੇਵਲ ਇਸਲਾਮ ਹੈ ਅਤੇ ਸੱਚਾ ਖ਼ੁਦਾ ਵੀ ਉਹ ਹੀ ਖ਼ੁਦਾ ਹੈ ਜਿਸ ਨੂੰ ਕੁਰਆਨ ਨੇ ਵਰਨਣ ਕੀਤਾ ਹੈ ਅਤੇ ਸਦਾ ਦਾ ਆਤਮਕ ਜੀਵਨ ਦੇਣ ਵਾਲਾ ਵੱਡਿਆਈ (ਸ਼ਾਨ-ਸ਼ੌਕਤ) ਅਤੇ ਪਵਿੱਤਰਤਾਈ ਦੇ ਤਖ਼ਤ ਤੇ ਬੈਠਣ ਵਾਲਾ ਨਬੀ ਹਜ਼ਰਤ ਮੁਹੰਮਦ ਮੁਸਤਫ਼ਾ ਸਲ-ਲੱਲਾਹੁ ਅਲੈਹਿ ਵਸਲਮ ਹੈ।"

(ਰੂਹਾਨੀ ਖ਼ਜ਼ਾਇਨ ਭਾਗ: 15 ਪੰਨਾ: 141, ਤਰਯਾਕੁਲ-ਕੁਲੂਬ ਪੰਨਾ: 13)

## ਗੁਨਾਹ (ਪਾਪ)

"ਗੁਨਾਹ ਅਸਲ ਵਿਚ ਇਕ ਅਜਿਹਾ ਜ਼ਹਿਰ ਹੈ, ਜਿਹੜਾ ਉਸ ਸਮੇਂ (ਵੇਲੇ) ਪੈਦਾ ਹੁੰਦਾ ਹੈ ਜਦੋਂ ਮਨੁੱਖ ਖ਼ੁਦਾ ਦੀ ਆਗਿਆਕਾਰੀ, ਮੁਹੱਬਤ ਅਤੇ ਮਿਤਰਾਂ ਵਾਂਗ ਯਾਦ ਤੋਂ ਸਖਨਾ ਅਤੇ ਬੇਨਸੀਬ ਹੋ ਜਾਂਦਾ ਹੈ ਜਿਵੇਂ ਕਿ ਇਕ ਰੁੱਖ ਜਦ ਧਰਤੀ ਤੋਂ ਉਖੜ ਜਾਵੇ ਅਤੇ ਪਾਣੀ ਗ੍ਰਹਿਣ ਕਰਨ ਦੇ ਯੋਗ ਨਾ ਰਹੇ, ਤਾਂ ਉਹ ਪ੍ਰਤੀ ਦਿਨ ਸੁੱਕਨ ਲਗ ਜਾਂਦਾ ਹੈ ਅਤੇ ਉਸ ਦੀ ਸਾਰੀ ਹਰਿਆਲੀ ਬਰਬਾਦ ਹੋ ਜਾਂਦੀ ਹੈ। ਇਹ ਹੀ ਅਵਸਥਾ ਉਸ ਮਨੁੱਖ ਦੀ ਹੁੰਦੀ ਹੈ ਜਿਸ ਦਾ ਚਿੱਤ ਖ਼ੁਦਾ ਦੀ ਮੁਹੱਬਤ ਤੋਂ ਖ਼ਾਲੀ ਹੁੰਦਾ ਹੈ, ਸੋ ਸੋਕੇ ਵਾਂਗ ਪਾਪ ਉਸ ਤੇ ਜਿੱਤ ਪ੍ਰਾਪਤ ਕਰ ਲੈਂਦਾ ਹੈ, ਇਸ ਲਈ ਉਸ ਸੋਕੇ (ਖ਼ੁਸ਼ਕੀ) ਦਾ ਇਲਾਜ ਖ਼ੁਦਾ ਦੇ ਕਾਨੂਨ ਵਿਚ ਤਿੰਨ ਤਰ੍ਹਾਂ ਨਾਲ ਵਰਨਣ ਕੀਤਾ ਗਿਆ ਹੈ 1 ਮੁਹੱਬਤ 2. ਪਸ਼ਚਾਤਾਪ, (ਅਸਤਗ਼ਫ਼ਾਰ) ਜਿਸ ਦੇ ਅਰਥ ਦਬਾਉਣ ਅਤੇ ਢੱਕਨ ਦੀ ਇੱਛਾ ਦੇ ਹਨ। ਕਿਉਂਕਿ ਜਦ ਤਕ ਮਿੱਟੀ ਚ ਰੁੱਖ ਦੀ ਜੜ੍ਹ ਜੱਮੀ ਰਹੇਗੀ ਤਦ ਤਕ ਉਸ ਦੇ ਹਰੇ ਰਹਿਣ ਦੀ ਆਸ ਬਣੀ ਰਹਿੰਦੀ ਹੈ 3. ਤੀਜਾ ਇਲਾਜ ਤੋਬਾ ਹੈ ਅਰਥਾਤ ਜੀਵਨ ਦਾ ਪਾਨੀ ਖਿੱਚਨ ਲਈ ਅਤਿ ਨਿਮਰਤਾ ਸਹਿਤ ਰਬ ਵਲ ਰੁਚੀ ਫੇਰਨਾ ਅਤੇ ਆਪਣੇ ਆਪ ਨੂੰ ਉਹਦੇ ਲਾਗੇ ਕਰਨਾ ਅਤੇ ਪਾਪਾਂ ਦੇ ਪਰਦਿਆਂ ਚੋਂ ਆਪਣੇ ਆਪ ਨੂੰ ਬਾਹਰ ਕਢਣਾ। ਤੋਬਾ ਕੇਵਲ ਜ਼ਬਾਨ ਨਾਲ ਹੀ ਨਹੀਂ, ਸਗੋਂ ਤੋਬਾ ਦਾ ਕਮਾਲ (ਪੂਰਨਤਾ) ਨੇਕ ਕੰਮਾਂ ਨਾਲ ਸੰਬੰਧਤ ਹੈ। ਸਾਰੀਆਂ ਨੇਕੀਆਂ ਤੋਬਾ ਦੀ ਪੂਰਨਤਾ ਲਈ ਹਨ।"

(ਰੂਹਾਨੀ ਖ਼ਜ਼ਾਇਨ ਭਾਗ: 12 ਪੰਨਾ: 338-339, ਸਿਰਾਜਦੀਨ ਈਸਾਈ ਕੇ ਚਾਰ ਸਵਾਲੋਂ ਕਾ ਜਵਾਬ ਪੰਨਾ:: 2-3)

# ਨਿਜਾਤ (ਮੁਕਤੀ)

"ਨਿਜਾਤ (ਮੁਕਤੀ) ਦਾ ਨੇਮ ਜਿਹੜਾ ਇੰਜੀਲ ਵਿਚ ਵਰਨਣ ਹੋਇਆ ਹੈ, ਕਿ ਹਜ਼ਰਤ ਮਸੀਹ (ਹਜ਼ਰਤ ਈਸਾ) ਦੇ ਸੂਲੀ ਤੇ ਚੜ੍ਹ ਕੇ ਮਰ ਜਾਣ ਨਾਲ ਪਾਪਾਂ ਦਾ ਕਫ਼ਾਰਾ (ਬਦਲਾ) ਹੋ ਸਕਦਾ ਹੈ। ਇਸ ਸਿੱਖਿਆ ਨੂੰ ਕੁਰਆਨ ਮਜੀਦ ਨੇ ਸਵੀਕਾਰ ਨਹੀਂ ਕੀਤਾ। ਇਹ ਤਾਂ ਠੀਕ ਹੈ ਕਿ ਹਜ਼ਰਤ ਈਸਾ ਅਲੈਹਿਸ-ਸਲਾਮ (ਅੱਲਾਹ ਦੀ ਆਪ ਤੇ ਸਲਾਮਤੀ ਹੋਵੇ) ਨੂੰ ਕੁਰਆਨ ਮਜੀਦ ਇਕ ਬਜ਼ੁਰਗ ਨਬੀ ਮੰਨਦਾ ਹੈ ਅਤੇ ਖ਼ੁਦਾ ਦਾ ਪਿਆਰਾ, ਨਜ਼ਦੀਕੀ ਅਤੇ ਸ਼ਾਨ ਵਾਲਾ ਕਰਾਰ ਦਿੰਦਾ ਹੈ। ਪਰੰਤੂ ਉਸ ਨੂੰ ਕੇਵਲ ਇਕ ਮਨੁੱਖ ਵਰਨਣ ਕਰਦਾ ਹੈ ਅਤੇ ਮੁਕਤੀ ਲਈ ਇਸ ਗਲ ਨੂੰ ਜ਼ਰੂਰੀ ਨਹੀਂ ਸਮਝਦਾ ਕਿ ਇਕ ਪਾਪੀ ਦਾ ਭਾਰ ਕਿਸੇ ਨਿਰਦੋਸ਼ ਦੇ ਸਿਰ ਮੜ੍ਹ ਦਿੱਤਾ ਜਾਏ ਅਤੇ ਅਕਲ ਵੀ ਸਵੀਕਾਰ ਨਹੀਂ ਕਰਦੀ ਕਿ ਪਾਪ ਤਾਂ ਜ਼ੇਦ ਕਰੇ, ਪਰ ਪਕੜਿਆ ਬਕਰ ਜਾਏ। ਇਸ ਕਾਨੂੰਨ (ਵਿਚਾਰਧਾਰਾ) ਉੱਤੇ ਤਾਂ ਮਨੁੱਖੀ ਹਕੂਮਤਾਂ ਵੀ ਪਾਬੰਦ ਨਾ ਹੋਈਆਂ। ਅਫ਼ਸੋਸ ! ਕਿ ਮੁਕਤੀ ਬਾਰੇ ਜਿਹਾ ਈਸਾਈਆਂ ਨੇ ਗ਼ਲਤੀ ਖਾਧੀ। ਅਜਿਹਾ ਹੀ ਆਰੀਆਂ ਨੇ ਵੀ ਇਸ ਚੋਂ ਭਾਗ ਲਿਆ ਅਤੇ ਅਸਲ ਸਚਾਈ ਤੇ ਯਥਾਰਥਕਤਾ ਨੂੰ ਭੁਲ ਗਏ ਕਿਉਂਕਿ ਆਰੀਆਂ ਦੇ ਧਾਰਮਕ ਵਿਚਾਰ ਅਨੁਸਾਰ ਅਸਤਗ਼ਫ਼ਾਰ (ਪਰਾਸ਼ਚਿਤ) ਕੁਝ ਚੀਜ਼ ਨਹੀਂ। ਜਦ ਤਕ ਮਨੁੱਖ ਇਕ ਪਾਪ ਦੇ ਬਦਲੇ ਉਹ ਸਾਰੀਆਂ ਜੂਨਾਂ ਭੁਗਤ ਨਾ ਲਵੇ ਜੇਹੜੀਆਂ ਉਸ ਪਾਪ ਦੀ ਸਜ਼ਾ ਵੱਲੋਂ ਨੀਅਤ ਹਨ, ਮੁਕਤੀ ਅਸੰਭਵ ਹੈ।"

(ਰੂਹਾਨੀ ਖ਼ਜ਼ਾਇਨ ਭਾਗ: 23 ਪੰਨਾ: 414, ਚਸ਼-ਮ-ਏ ਮਾਅਰਫਤ ਪੰਨਾ: 44-45 ਐਡੀਸ਼ਨ ਪਹਿਲਾ)

# ਮਰਨ ਤੋਂ ਮਗਰੋਂ ਦਾ ਜੀਵਨ

"ਇਸਲਾਮ ਵਿਚ ਇਹ ਅਤਿ ਉੱਤਮ ਦਰਜੇ ਦੀ ਫ਼ਲਾਸਫ਼ੀ (ਹਿਕਮਤ) ਵਰਨਣ ਕੀਤੀ ਗਈ ਹੈ ਕਿ ਹਰ ਇਕ ਨੂੰ ਅਜਿਹਾ ਸਰੀਰ ਮਿਲ ਜਾਂਦਾ ਹੈ ਜਿਹੜਾ ਕਿ ਸੁਖ ਤੇ ਦੁਖ ਨੂੰ ਅਨੁਭਵ ਕਰਨ ਲਈ ਜ਼ਰੂਰੀ ਹੁੰਦਾ ਹੈ। ਅਸੀਂ ਠੀਕ ਠੀਕ ਨਹੀਂ ਕਹਿ ਸਕਦੇ ਕਿ ਉਹ ਸਰੀਰ ਕਿਹੜੀ ਚੀਜ਼ ਦੇ ਅਸਲ ਤੋਂ ਤਿਆਰ ਹੁੰਦਾ ਹੈ। ਕਿਉਂਕਿ ਇਹ ਫ਼ਾਨੀ ਸਰੀਰ ਤਾਂ ਉੱਕਾ ਹੀ ਨਸ਼ਟ ਹੋ ਜਾਂਦਾ ਹੈ ਅਤੇ ਇਹ ਕੋਈ ਨਹੀਂ ਵੇਖਦਾ ਕਿ ਕੀ ਅਸਲ ਵਿਚ ਇਹੀ ਸਰੀਰ ਕਬਰ ਵਿਚ ਜ਼ਿੰਦਾ

ਹੁੰਦਾ ਹੈ। ਇਸ ਲਈ ਕਿ ਕਈ ਵਾਰ ਇਹ ਸਰੀਰ ਸਾੜਿਆ ਵੀ ਜਾਂਦਾ ਹੈ ਅਤੇ ਅਜਾਇਬ ਘਰਾਂ ਵਿਚ ਲਾਸ਼ਾਂ ਵੀ ਰੱਖੀਆਂ ਜਾਂਦੀਆਂ ਹਨ ਤੇ ਸਮੇਂ ਸਮੇਂ ਤਕ ਇਹ ਸਰੀਰ ਕਬਰਾਂ ਤੋਂ ਬਾਹਰ ਵੀ ਰੱਖੇ ਜਾਂਦੇ ਹਨ ਜੇ ਕਰ ਇਹੀ ਸਰੀਰ ਜਿਊਂਦਾ ਹੋ ਜਾਇਆ ਕਰਦਾ ਤਾਂ ਸ਼ਾਇਦ ਲੋਕ ਉਹਨੂੰ ਵੇਖਦੇ। ਪਰੰਤੂ ਕੁਰਆਨ ਮਜੀਦ ਤੋਂ ਜ਼ਿੰਦਾ ਹੋ ਜਾਣਾ ਸਿਧ ਹੈ। ਇਸ ਲਈ ਇਹ ਮੰਨਣਾ ਪੈਂਦਾ ਹੈ ਕਿ ਕਿਸੇ ਹੋਰ ਸਰੀਰ ਦੁਆਰਾ ਜਿਸ ਨੂੰ ਅਸੀਂ ਨਹੀਂ ਵੇਖਦੇ, ਮਨੁੱਖ ਨੂੰ ਜ਼ਿੰਦਾ ਕੀਤਾ ਜਾਂਦਾ ਹੈ ਅਤੇ ਸ਼ਾਇਦ ਉਹ ਸਰੀਰ ਇਸੇ ਹੀ ਸਰੀਰ ਦੇ ਸੂਖਮ ਤੱਤਾਂ ਤੋਂ ਬਣਦਾ ਹੈ। ਤਦ ਸਰੀਰ ਮਿਲਣ ਮਗਰੋਂ ਮਨੁੱਖੀ ਤਾਕਤ ਅਸਲ ਹਾਲਤ ਵਿਚ ਆ ਜਾਂਦੀ ਹੈ ਅਤੇ ਇਹ ਦੂਜਾ ਸਰੀਰ ਇਸ ਲਈ ਕਿ ਇਹ ਪਹਿਲੇ ਸਰੀਰ ਤੋਂ ਅਤਿ ਸੂਖਮ ਹੁੰਦਾ ਹੈ, ਇਸ ਕਰਕੇ ਇਸ ਉੱਤੇ ਗ਼ੈਬੀ ਗੱਲਾਂ ਅਤਿ ਖੁਲ੍ਹੇ ਰੂਪ ਵਿਚ ਪ੍ਰਗਟ ਹੁੰਦੀਆਂ ਹਨ।"

(ਰੂਹਾਨੀ ਖ਼ਜ਼ਾਇਨ ਭਾਗ: 13 ਪੰਨਾ: 70-71, ਕਿਤਾਬੁਲ–ਬਰੀਆ ਪੰਨਾ: 52-53)

## ਰੂਹ (ਆਤਮਾ)

"ਡੂੰਘੇ ਵਿਚਾਰ ਤੋਂ ਪਤਾ ਲਗਦਾ ਹੈ ਕਿ ਰੂਹ ਦੀ ਮਾਂ ਸਰੀਰ ਹੀ ਹੈ। ਗਰਭਵਤੀ ਇਸਤ੍ਰੀਆਂ ਦੇ ਗਰਭ ਵਿਚ ਆਤਮਾ ਕਦੇ ਉਪਰੋਂ ਨਹੀਂ ਡਿਗਦੀ। ਸਗੋਂ ਉਹ ਇਕ ਨੂਰ ਹੈ ਜਿਹੜਾ ਵੀਰਜ ਵਿਚ ਗੁਪਤ ਰੂਪ ਵਿਚ ਮੌਜੂਦ ਹੁੰਦਾ ਹੈ ਅਤੇ ਸਰੀਰ ਦੇ ਵਧਨ-ਫੁੱਲਣ ਦੇ ਨਾਲ ਚਮਕਦਾ (ਅਰਥਾਤ ਪ੍ਰਗਟ ਹੁੰਦਾ ) ਹੈ, ਖ਼ੁਦਾ ਦਾ ਪਵਿੱਤਰ ਕਲਾਮ ਸਾਨੂੰ ਸਮਝਾਉਂਦਾ ਹੈ ਕਿ ਆਤਮਾ ਮਨੁੱਖੀ ਸਰੀਰ ਵਿੱਚੋਂ ਹੀ ਜ਼ਾਹਿਰ ਹੁੰਦੀ ਹੈ ਜਿਹੜੀ ਕਿ ਵੀਰਜ ਤੋਂ ਗਰਭ ਵਿਚ ਤਿਆਰ ਹੁੰਦੀ ਹੈ। ਜਿਹਾ ਕਿ ਉਹ ਕੁਰਆਨ ਮਜੀਦ ਵਿਚ ਫ਼ਰਮਾਉਂਦਾ ਹੈ :-

ثُمَّ اَنْشَاْنٰهُ خَلْقًا اٰخَرَ ؕ فَتَبَارَكَ اللّٰهُ اَحْسَنُ الْخَالِقِيْنَ

(المؤمنون آیت ۱۵)

ਸੁਮ-ਮ ਅਨਸ਼ਾਅ-ਨਾ ਹੁ ਖ਼ਲਕਨ ਆ-ਖ-ਰ
ਫ-ਤਬਾ-ਰ-ਕੱਲਾਹੁ ਅਹ-ਸ ਨੁਲਖ਼ਾਲਿਕੀਨ
(ਅਲ ਮੁਅਮਿਨੂਨ ਆਇਤ: 15)

ਅਰਥਾਤ:– ਫੇਰ ਅਸੀਂ ਇਸ ਸਰੀਰ ਨੂੰ ਜਿਹੜਾ ਗਰਭ ਵਿਚ ਤਿਆਰ ਹੁੰਦਾ ਹੈ ਇਕ ਹੋਰ ਜਨਮ ਦੇ ਰੰਗ ਵਿਚ ਲਿਆਉਂਦੇ ਹਾਂ ਅਤੇ ਇਕ ਹੋਰ ਜੀਵਨ ਪ੍ਰਗਟ ਕਰਦੇ ਹਾਂ, ਜਿਸ ਨੂੰ ਆਤਮਾ ਦੇ ਨਾਂ ਨਾਲ ਪੁਕਾਰਿਆ ਜਾਂਦਾ ਹੈ ਅਤੇ ਖ਼ੁਦਾ ਅਤਿ ਬਰਕਤਾਂ ਵਾਲਾ ਹੈ ਅਤੇ ਇਕ ਅਜਿਹਾ ਖ਼ਾਲਕ (ਸਾਜਨਹਾਰ) ਹੈ ਕਿ ਹੋਰ ਕੋਈ ਉਸ ਦੇ ਬਰਾਬਰ ਨਹੀਂ।"

(ਰੂਹਾਨੀ ਖ਼ਜ਼ਾਇਨ ਭਾਗ: 10 ਪੰਨਾ: 321, ਇਸਲਾਮੀ ਅਸੂਲ ਕੀ ਫ਼ਲਾਸਫ਼ੀ ਪੰਨਾ 7)

"ਸੋ ਜਿੱਦਾਂ ਕੋਈ ਬਾਗ਼ ਬਿਨਾ ਪਾਨੀ ਦੇ ਹਰਿਆ ਨਹੀਂ ਰਹਿ ਸਕਦਾ ਉੱਦਾਂ ਹੀ ਕੋਈ ਈਮਾਨ ਬਿਨਾਂ ਨੇਕ ਕੰਮਾਂ ਦੇ ਜ਼ਿੰਦਾ ਈਮਾਨ ਨਹੀਂ ਕਹਿਲਾ ਸਕਦਾ। ਜੇਕਰ ਈਮਾਨ ਹੋਵੇ ਤੇ ਨੇਕ ਕੰਮ ਨਾ ਹੋਣ ਤਾਂ ਉਹ ਈਮਾਨ ਘ੍ਰਿਣਾਯੋਗ (ਬੇਕਾਰ) ਹੈ ਅਤੇ ਜੇ ਕਰ ਨੇਕ ਕੰਮ ਹੋਣ, ਪਰ ਈਮਾਨ ਨਾ ਹੋਵੇ, ਤਾਂ ਉਹ ਨੇਕ ਕੰਮ ਵਿਖਾਵਾ ਹਨ, ਇਸਲਾਮੀ ਸਵਰਗ ਦੀ ਇਹ ਹੀ ਯਥਾਰਥਕਤਾ ਹੈ ਕਿ ਉਹ ਇਸੇ ਦੁਨੀਆਂ ਦੇ ਈਮਾਨ ਤੇ ਨੇਕ ਕੰਮਾ ਦੀ ਪੜਛਾਈਂ ਹੈ, ਉਹ ਕੋਈ ਨਵੀਂ ਸ਼ੈ ਨਹੀਂ, ਜਿਹੜੀ ਕਿ ਬਾਹਰੋਂ ਆ ਕੇ ਮਨੁੱਖ ਨੂੰ ਮਿਲੇਗੀ, ਸਗੋਂ ਮਨੁੱਖ ਦਾ ਸਵਰਗ ਮਨੁੱਖ ਵਿਚੋਂ ਹੀ ਪੈਦਾ ਹੁੰਦਾ ਹੈ ਅਤੇ ਹਰ ਇਕ ਦਾ ਸਵਰਗ ਉਸ ਦਾ ਈਮਾਨ (ਵਿਸ਼ਵਾਸ) ਅਤੇ ਉਸ ਦੇ ਨੇਕ ਕੰਮ ਹਨ, ਜੇਹਨਾਂ ਦੀ ਖ਼ੁਸ਼ੀ ਇਸੇ ਦੁਨੀਆਂ ਤੋਂ ਹੀ ਆਰੰਭ ਹੋ ਜਾਂਦੀ ਹੈ।"

(ਰੂਹਾਨੀ ਖ਼ਜ਼ਾਇਨ ਭਾਗ: 10 ਪੰਨਾ: 390, ਇਸਲਾਮੀ ਅਸੂਲ ਕੀ ਫ਼ਲਾਸਫ਼ੀ ਪੰਨਾ: 76)

## 1 ਯਾਜੂਜ, 2 ਮਾਜੂਜ ਦੀ ਯਥਾਰਥਕਤਾ

"ਮਸੀਹ ਮੌਊਦ ਦਾ ਯਾਜੂਜ, ਮਾਜੂਜ ਦੇ ਸਮੇਂ ਆਉਣਾ ਜ਼ਰੂਰੀ ਹੈ। ਕਿਉਂਕਿ ਅਜੀਜ ਅੱਗ ਨੂੰ ਆਖਦੇ ਹਨ, ਜਿਸ ਤੋਂ ਯਾਜੂਜ, ਮਾਜੂਜ ਦਾ ਸ਼ਬਦ ਨਿਕਲਿਆ ਹੈ। ਸੋ ਯਾਜੂਜ, ਮਾਜੂਜ ਤੋਂ ਮੁਰਾਦ ਉਹ ਕੌਮ ਹੈ, ਜਿਹੜੀ ਕਿ ਦੂਜੀਆਂ ਸਾਰੀਆਂ ਕੌਮਾਂ ਤੋਂ ਵੱਧ

1-2 ਉਹ ਝਗੜਾਲੂ ਕੌਮਾਂ ਜੇਹਨਾਂ ਦਾ ਵਰਨਣ ਕੁਰਆਨ ਤੇ ਤੋਰੈਤ ਵਿਚ ਆਇਆ ਹੈ।

ਅੱਗ ਤੋਂ ਕੰਮ ਲੈਂਦੀ ਹੈ। ਸਗੋਂ ਇਸ ਕੰਮ ਦੀ ਉਸਤਾਦ ਅਤੇ ਇਸ ਦੀ ਈਜਾਦ ਕਰਨ ਵਾਲੀ ਹੈ ਅਤੇ ਏਹਨਾਂ ਨਾਵਾਂ ਵਿਚ ਇਹ ਸੰਕੇਤ ਹੈ ਕਿ ਉਹਨਾਂ ਦੇ ਜਹਾਜ਼ ਰੇਲਾਂ (ਗੱਡੀਆਂ) ਅਤੇ ਮਸ਼ੀਨਾਂ ਅੱਗ ਦੁਆਰਾ ਚਲਣਗੀਆਂ ਅਤੇ ਉਹਨਾਂ ਦੀਆਂ ਲੜਾਈਆਂ ਅੱਗ ਨਾਲ ਹੋਣਗੀਆਂ ਅਤੇ ਉਹ ਅੱਗ ਤੋਂ ਕੰਮ ਲੈਣ ਦੀ ਕਾਰੀਗਰੀ ਵਿਚ ਸਾਰੀ ਦੁਨੀਆਂ ਦੀਆਂ ਕੌਮਾਂ ਤੋਂ ਵੱਧ ਵਿਸ਼ੇਸ਼ਤਾ ਰੱਖਣ ਵਾਲੀਆਂ ਹੋਣਗੀਆਂ।

ਇਸੇ ਕਾਰਨ ਯਾਜੂਜ, ਮਾਜੂਜ ਅਖਵਾਉਣਗੀਆਂ। ਸੋ ਉਹ ਪੱਛਮੀ ਕੌਮਾਂ ਹਨ, ਜੇਹੜੀਆਂ ਅੱਗ ਤੋਂ ਕੰਮ ਲੈਣ ਵਿਚ ਅਜੇਹੀਆਂ ਮਾਹਿਰ (ਜਾਣਕਾਰ) ਅਤੇ ਹੁਸ਼ਿਆਰ ਹਨ ਕਿ ਆਪਣੀ ਮਿਸਾਲ ਆਪ ਹਨ। ਕੁਝ ਜ਼ਰੂਰੀ ਨਹੀਂ ਕਿ ਇਸ ਸੰਬੰਧ ਵਿਚ ਕੁਝ ਵਧੇਰੇ ਵਰਨਣ ਕੀਤਾ ਜਾਏ। ਪਹਿਲੀਆਂ ਪੁਸਤਕਾਂ ਵਿਚ ਜੇਹੜੀਆਂ ਕਿ ਯਹੂਦੀਆਂ ਨੂੰ ਦਿੱਤੀਆਂ ਗਈਆਂ, ਪੱਛਮੀ ਕੌਮਾਂ ਨੂੰ ਹੀ ਯਾਜੂਜ, ਮਾਜੂਜ ਠਹਿਰਾਇਆ ਗਿਆ ਹੈ। ਸਗੋਂ ਮਾਸਕੋ ਦਾ ਨਾਂ ਵੀ ਲਿਖਿਆ ਹੈ ਜੋ ਰੂਸ ਦੀ ਰਾਜਧਾਨੀ ਸੀ, ਸੋ ਇਹ ਨੀਯਤ ਹੋ ਚੁੱਕਿਆ ਸੀ ਕਿ ਮਸੀਹ ਮੌਊਦ ਯਾਜੂਜ ਮਾਜੂਜ ਸਮੇਂ ਪ੍ਰਗਟ ਹੋਇਗਾ।"

(ਰੂਹਾਨੀ ਖ਼ਜ਼ਾਇਨ ਭਾਗ: 14 ਪੰਨਾ: 424-425, ਅੱਯਾਮੁਸ-ਸੁਲਹਿ ਪੰਨਾ: 198-199)

## ਰੋਸ਼ਨੀ ਦਾ ਸਮਾਂ

"ਜਿਹਾ ਕਿ ਤੁਸੀਂ ਵੇਖਦੇ ਓ ਕਿ ਫਲ ਸਮੇਂ ਸਿਰ ਆਉਂਦੇ ਹਨ ਅਜਿਹਾ ਹੀ ਨੂਰ ਵੀ ਆਪਣੇ ਸਮੇਂ ਤੇ ਹੀ ਉਤਰਦਾ ਹੈ ਅਤੇ ਇਸ ਤੋਂ ਪਹਿਲਾਂ ਕਿ ਉਹ ਆਪ ਉਤਰੇ, ਕੋਈ ਉਸ ਨੂੰ ਉਤਾਰ ਨਹੀਂ ਸਕਦਾ, ਪਰੰਤੂ ਇਹ ਜ਼ਰੂਰੀ ਹੈ ਕਿ ਉਸ ਸਮੇਂ ਝਗੜੇ-ਫ਼ਸਾਦ ਤੇ ਮਤਭੇਦ ਹੋਣ, ਪਰ ਜਿਤ ਅੰਤ ਵਿਚ ਸੱਚਾਈ ਦੀ ਹੁੰਦੀ ਹੈ ਕਿਉਂਕਿ ਇਹ ਕੰਮ ਇਨਸਾਨ ਵੱਲੋਂ ਨਹੀਂ ਹੁੰਦਾ ਅਤੇ ਨਾ ਹੀ ਇਨਸਾਨੀ ਨਸਲ ਦੇ ਹੱਥਾਂ ਵੱਲੋਂ। ਸਗੋਂ ਉਸ ਖ਼ੁਦਾ ਵੱਲੋਂ ਹੁੰਦਾ ਹੈ, ਜਿਹੜਾ ਕਿ ਰੁੱਤਾਂ ਨੂੰ ਬਦਲਾਉਂਦਾ , ਸਮਿਆਂ ਵਿਚ ਅਦਲਾ-ਬਦਲੀ ਕਰਦਾ ਦਿਨ ਅਤੇ ਰਾਤ ਬਣਾਉਂਦਾ ਹੈ, ਇਹ ਠੀਕ ਹੈ ਕਿ ਉਹ ਹਨੇਰਾ ਵੀ ਪੈਦਾ ਕਰਦਾ ਹੈ, ਪਰੰਤੂ ਚਾਹੁੰਦਾ ਰੋਸ਼ਨੀ

ਨੂੰ ਹੈ। ਉਹ ਸ਼ਿਰਕ ਨੂੰ ਵੀ ਫ਼ੈਲਣ ਦਿੰਦਾ ਹੈ, ਪਰ ਉਸ ਦਾ ਪਿਆਰ ਤੌਹੀਦ (ਇਕ ਈਸ਼ਵਰਵਾਦ) ਨਾਲ ਹੈ ਅਤੇ ਨਹੀਂ ਚਾਹੁੰਦਾ ਕਿ ਉਹਦੀ ਵੱਡਿਆਈ ਕਿਸੇ ਦੂਜੇ ਨੂੰ ਦਿੱਤੀ ਜਾਏ। ਜਦ ਤੋਂ ਮਨੁੱਖ ਨੇ ਜਨਮ ਲਿਆ ਉਸ ਵੇਲੇ ਤਕ ਕਿ ਇਹ ਮਲਿਆਮੇਟ ਹੋ ਜਾਏ। ਖ਼ੁਦਾ ਦੀ ਕੁਦਰਤ ਦਾ ਇਹ ਕਾਨੂਨ ਹੈ ਕਿ ਉਹ ਤੌਹੀਦ (ਇਕ ਈਸ਼ਵਰਵਾਦ) ਦੀ ਸਦਾ ਤਰਫ਼ਦਾਰੀ ਅਤੇ ਸਹਾਇਤਾ ਕਰਦਾ ਹੈ।"

(ਰੂਹਾਨੀ ਖ਼ਜ਼ਾਇ ਭਾਗ: 15 ਪੰਨਾ: 65,, ਮਸੀਹ ਹਿੰਦੁਸਤਾਨ ਮੇਂ)

"ਐ ਖ਼ੁਦਾ ਐ 1 ਕਾਰ -ਸਾਜ਼ੋ 2 ਐਬ-ਪੋਸ਼ੋ 3 ਕਿਰਦਗਾਰ,
ਐ ਮੇਰੇ ਪਿਆਰੇ ਮੇਰੇ ਮੁਹਸਿਨ ਮੇਰੇ 4 ਪਰਵਰਦਗਾਰ।

ਅਰਥ:- ਹੇ ਖ਼ੁਦਾ ਤੂੰ ਹੀ ਮੇਰੇ ਕੰਮਾਂ ਨੂੰ ਸੰਵਾਰਨ ਵਾਲਾ ਪਾਪਾਂ ਤੇ ਪਰਦਾ ਪਾਉਣ ਵਾਲਾ ਤੇ ਸਾਜਨਹਾਰ ਹੈਂ ਅਤੇ ਤੂੰ ਹੀ ਮੇਰਾ ਮਹਿਬੂਬ, ਮੇਰੇ ਉੱਤੇ ਕ੍ਰਿਪਾਲਤਾ ਕਰਨ ਵਾਲਾ ਅਤੇ ਮੇਰਾ ਪਾਲਨਹਾਰ ਹੈਂ।

ਯਿਹ ਸਰਾਸਰ ਫ਼ਜ਼ਲੋ ਇਹਸਾਂ ਹੈ ਕਿ ਮੈਂ ਆਇਆ ਪਸੰਦ,
ਵਰ-ਨ ਦਰਗਾਹ ਮੇਂ ਤੇਰੀ ਕੁਛ ਕਮ ਨ ਥੇ ਖ਼ਿਦਮਤ ਗੁਜ਼ਾਰ।

ਅਰਥ:- (ਹੇ ਖ਼ੁਦਾ) ਮੇਰੇ ਉੱਤੇ ਇਹ ਤੇਰੀ ਕ੍ਰਿਪਾਲਤਾ ਤੇ ਇਹਸਾਨ ਹੀ ਤਾਂ ਹੈ ਕਿ ਮੈਂ ਤੈਨੂੰ ਪਸੰਦ ਆ ਗਿਆ, ਨਹੀਂ ਤਾਂ ਤੇਰੀ ਹਜ਼ੂਰੀ ਵਿਚ ਤੇਰੀ ਸੇਵਾ ਕਰਨ ਵਾਲੇ ਸੇਵਾ ਦਾਰ ਕੁਝ ਘੱਟ ਨਹੀਂ ਸਨ।

ਦੋਸਤੀ ਕਾ 5 ਦਮ ਜੋ ਭਰਤੇ ਥੇ ਵੁਹ ਸਭ ਦੁਸ਼ਮਣ ਹੁਏ,
ਪਰ ਨਾ ਛੋੜਾ ਸਾਥ ਤੂੰਨੇ ਐ 6 ਮੇਰੇ ਹਾਜਤਬਰਾਰ।

ਅਰਥ:- (ਹੇ ਖ਼ੁਦਾ) ਉਹ ਜੋਹੜੇ ਮਿੱਤਰਤਾ ਦਾ ਵਿਸ਼ਵਾਸ ਦਿਵਾਉਂਦੇ ਸਨ ਸਾਰੇ ਵੈਰੀ ਬਣ ਚੁਕੇ ਹਨ, ਪਰੰਤੂ (ਹੇ ਮੇਰੇ ਖ਼ੁਦਾ) ਤੁਸਾਂ ਮੇਰੀਆਂ ਸਾਰੀਆਂ ਲੋੜ੍ਹਾਂ ਪੂਰੀਆਂ ਕੀਤੀਆਂ ਅਤੇ ਮੇਰਾ ਸਾਥ ਨਾ ਛੱਡਿਆ (ਅਰਥਾਤ ਮੇਰੇ ਅੰਗ-ਸੰਗ ਰਹੇ)

---

1 ਕੰਮ ਸੰਵਾਰਨ ਵਾਲਾ, 2 ਪਾਪਾਂ ਤੇ ਪਰਦਾ ਪਾਉਣ ਵਾਲਾ, 3 ਖਾਲਿਕ 4, ਸਾਜਨਹਾਰ 5 ਹੁੰਗਾਰਾ 6 ਲੋੜਾਂ ਪੂਰੀਆਂ ਕਰਨ ਵਾਲਾ

ਐ ਮੇਰੇ 1 ਯਾਰਿ ਯਗਾਨਾਹ ਐ ਮੇਰੀ ਜਾਂ ਕੀ 2 ਪਨਾਹ,
ਬਸ ਹੈ ਤੂ ਮੇਰੇ ਲੀਏ ਮੁਝ ਕੋ ਨਹੀਂ ਤੁਝ ਬਿਨ 3 ਬਕਾਰ।

ਅਰਥ:– (ਹੇ ਖ਼ੁਦਾ) ਤੂੰ ਹੀ ਮੇਰਾ ਮਹਿਬੂਬ, ਅਤੇ ਮੇਰੀ ਜਾਂ ਦਾ ਸਹਾਰਾ (ਪਨਾਹ) ਹੈਂ ਅਤੇ ਕੇਵਲ ਤੂੰ ਹੀ ਮੇਰੇ ਲਈ ਕਾਫ਼ੀ ਹੈਂ ਮੈਨੂੰ ਤੈਥੋਂ ਬਿਨਾਂ ਕਿਸੇ ਹੋਰ ਦੀ ਲੋੜ ਨਹੀਂ ਹੈ।

ਮੈਂ ਤੋ ਮਰ ਕਰ ਖ਼ਾਕ ਹੋਤਾ ਗਰ ਨਾ ਹੋਤਾ ਤੇਰਾ 4 ਲੁਤਫ਼,
ਫਿਰ ਖ਼ੁਦਾ ਜਾਣੇ ਕਹਾਂ ਯਿਹ ਫੈਂਕ ਦੀ ਜਾਤੀ 5 ਗ਼ੁਬਾਰ।

ਅਰਥ:– (ਹੇ ਖ਼ੁਦਾ) ਜੇ ਕਰ ਮੇਰੇ ਉੱਤੇ ਤੇਰੀ ਮਿਹਰ ਬਾਨੀ ਨਾ ਹੁੰਦੀ ਤਾਂ ਮੈਂ ਮਰ ਕੇ ਮਿੱਟੀ ਹੋ ਗਿਆ ਹੁੰਦਾ, ਇਸ ਮਗਰੋਂ ਖ਼ੁਦਾ ਜਾਣੇ ਮੇਰੀ ਸਵਾਹ ਕਿੱਥੇ ਸੁੱਟ ਦਿੱਤੀ ਜਾਂਦੀ।

ਐ ਫ਼ਿਦਾ ਹੋ ਤੇਰੀ ਰਾਹ ਮੇਂ ਮੇਰਾ ਜਿਸਮੋ ਜਾਨੋ ਦਿਲ,
ਮੈਂ ਨਹੀਂ ਪਾਤਾ ਕਿ ਤੁਝ ਸਾ ਕੋਈ ਕਰਤਾ ਹੋ ਪਿਆਰ।

ਅਰਥ:– (ਹੇ ਖ਼ੁਦਾ) ਤੇਰੀ ਰਾਹ ਵਿਚ ਮੇਰਾ ਸਰੀਰ, ਜਾਨ ਤੇ ਦਿਲ ਕੁਰਬਾਨ ਹੈ। ਕਿਉਂਕਿ ਮੈਂ ਤੇਰੇ ਜਿਹਾ ਪਿਆਰ ਕਰਨ ਵਾਲਾ ਹੋਰ ਕੋਈ ਨਹੀਂ ਵੇਖਿਆ।

6 ਇਬਤਦਾ ਸੇ ਤੇਰੇ ਹੀ ਸਾਯਾ ਮੇਂ ਮੇਰੇ ਦਿਨ ਕਟੇ.
ਗੋਦ ਮੇਂ ਤੇਰੀ ਰਹਾ ਮੈਂ 7 ਮਿਸਲਿ 8 ਤਿਫ਼ਲਿ 9 ਸ਼ੀਰ ਖ਼ਾਰ।

ਅਰਥ:– (ਹੇ ਖ਼ੁਦਾ) ਸ਼ੁਰੂ ਤੋਂ ਹੀ ਤੇਰੇ ਸਾਇਆ (ਅਰਥਾਤ ਪਿਆਰ) ਥੱਲੇ ਮੇਰੇ ਦਿਨ ਬਤੀਤ ਹੁੰਦੇ ਰਹੇ ਹਨ ਅਤੇ ਮੈਂ ਤੇਰੀ ਗੋਦ ਵਿਚ ਇਕ ਦੁੱਧ ਪੀਂਦੇ ਬੱਚੇ ਵਾਂਗ ਪਰਵਰਿਸ਼ ਪਾਈ ਹੈ।

ਨਸਲਿ ਇਨਸਾਂ ਮੇਂ ਨਹੀਂ ਦੇਖੀ ਵਫ਼ਾ ਜੋ ਤੁਝ ਮੇਂ ਹੈ,
ਤੇਰੇ ਬਿਨ ਦੇਖਾ ਨਹੀਂ ਕੋਈ ਭੀ ਯਾਰਿ 10 ਗ਼ਮ ਗੁਸਾਰ।

ਅਰਥ:– (ਹੇ ਖ਼ੁਦਾ) ਜਿਹੜੀ ਮੁਹੱਬਤ ਤੇਰੇ ਵਿਚ ਦਿਸ ਰਹੀ ਹੈ, ਉਹ ਮਨੁੱਖਤਾ ਵਿਚ ਨਜ਼ਰ ਨਹੀਂ ਆਉਂਦੀ ਅਤੇ ਤੈਥੋਂ ਬਿਨਾਂ ਹੋਰ ਕੋਈ ਵੀ ਹਮਦਰਦ ਵਿਖਾਈ ਨਹੀਂ ਦੇ ਰਿਹਾ।

ਲੋਗ ਕਹਿੰਤੇ ਹੈਂ ਕਿ ਨਾਲਾਇਕ ਨਹੀਂ ਹੋਤਾ ਕਬੂਲ,
ਮੈਂ ਤੋਂ ਨਾਲਾਇਕ ਭੀ ਹੋ ਕਰ ਪਾ ਗਿਆ ਦਰਗਾਹ ਮੇਂ ਬਾਰ 11

1 ਮਹਿਬੂਬ 2 ਓਟ, ਸਹਾਰਾ 3 ਲੋੜ 4 ਮਿਹਰਬਾਨੀ 5 ਸਵਾਹ 6 ਸ਼ੁਰੂ 7 ਤਰ੍ਹਾਂ 8 ਬੱਚਾ 9 ਦੁੱਧ ਪੀਣ ਵਾਲਾ 10 ਹਮਦਰਦ 11 ਸਤਿਕਾਰ

ਅਰਥ:– (ਹੇ ਖ਼ੁਦਾ) ਲੋਕ ਤਾਂ ਇਹ ਕਹਿੰਦੇ ਹਨ ਕਿ ਨਾਲਾਇਕ ਤੇਰੀ ਹਜ਼ੂਰੀ ਵਿਚ ਸਵੀਕਾਰ ਨਹੀਂ ਕੀਤਾ ਜਾਂਦਾ, ਪਰ ਮੈਂ ਤਾਂ ਨਾਲਾਇਕ ਹੋਕੇ ਵੀ ਤੇਰੀ ਹਜ਼ੂਰੀ ਵਿਚ ਸਤਿਕਾਰ (ਬਜ਼ੁਰਗੀ) ਪਾ ਗਿਆ ਹਾਂ।

ਇਸ ਕਦਰ ਮੁਝ ਪੇ ਹੂਈ ਤੇਰੀ 1 ਇਨਾਯਾਤੋ 2 ਕਰਮ,
ਜਿਨਕਾ ਮੁਸ਼ਕਿਲ ਹੈ ਕਿ ਤਾ ਰੋਜ਼ਿ 3 ਕਿਆਮਤ ਹੋ 4 ਸ਼ੁਮਾਰ।

ਅਰਥ :– (ਹੇ ਖ਼ੁਦਾ) ਮੇਰੇ ਉੱਤੇ ਤੇਰੀਆਂ ਇਨੀਆਂ ਬਖ਼ਸ਼ਸ਼ਾਂ ਤੇ ਮਿਹਰਬਾਨੀਆਂ ਹੋਈਆਂ ਹਨ ਕਿ ਜੇਹਨਾਂ ਦੀ ਗਿਣਤੀ ਕਿਆਮਤ (ਪਰਲੈ) ਦੇ ਦਿਹਾੜੇ ਤਕ ਵੀ ਨਹੀਂ ਹੋ ਸਕਦੀ ।"

(ਰੂਹਾਨੀ ਖ਼ਜ਼ਾਇਨ ਭਾਗ: 21 ਪੰਨਾ: 127, ਪੰਨਾ: 97 ਐਡੀਸ਼ਨ ਪਹਿਲਾ)

## ਕੁਰਆਨ ਮਜੀਦ

"ਕੁਰਆਨ ਹੀਰਿਆਂ ਦੀ ਥੈਲੀ ਹੈ ਅਤੇ ਲੋਕ ਇਸ ਤੋਂ ਅਨਜਾਣ ਹਨ।" (ਮਲਫ਼ੂਜ਼ਾਤ ਭਾਗ: 2 ਪੰਨਾ: 344)

"ਕੁਰਆਨ ਦੀ ਅਜਿਹੀ ਉੱਚੀ ਸ਼ਾਨ ਹੈ ਕਿ ਹਰ ਇਕ ਸ਼ਾਨ ਤੋਂ ਉੱਚਤਮ ਹੈ, ਉਹ ਹਕਮ ਹੈ (ਅਰਥਾਤ ਨਿਆਂ ਕਰਨ ਵਾਲਾ) ਉਹਨੇ ਸਾਰੀਆਂ ਦਲੀਲਾਂ ਇਕੱਠੀਆਂ ਕਰ ਦਿੱਤੀਆਂ ਅਤੇ ਦੁਸ਼ਮਣ ਦੇ ਇੱਕਠਾਂ (ਅਰਥਾਤ ਆਕਸ਼ੇਪਾਂ) ਨੂੰ ਤਿੱਤਰ-ਬਿੱਤਰ ਕਰ ਦਿੱਤਾ ਹੈ (ਅਰਥਾਤ ਖ਼ਤਮ ਕਰ ਦਿੱਤਾ ਹੈ) ਉਹ ਅਜਿਹੀ ਪੁਸਤਕ ਹੈ ਕਿ ਇਸ ਵਿਚ ਹਰ ਇਕ ਚੀਜ਼ ਦੀ ਵਿਆਖਿਆ ਹੈ।

ਅਤ ਇਸ ਵਿਚ ਭਵਿਖ ਕਾਲ ਅਤੇ ਭੂਤ ਕਾਲ ਦੀਆਂ ਖ਼ਬਰਾਂ ਮੌਜੂਦ ਹਨ ਤੇ ਝੂਠ ਉਸ ਵਲ ਆਪਣਾ ਰੁਖ ਨਹੀਂ ਕਰ ਸਕਦਾ, ਨਾ ਉਹਦੇ ਅੱਗਿਓਂ ਅਤੇ ਨਾ ਪਛਵਾੜਿਉਂ। ਉਹ ਖ਼ੁਦਾ ਦਾ ਨੂਰ ਹੈ।"

(ਰੂਹਾਨੀ ਖ਼ਜ਼ਾਇਨ ਭਾਗ: 16 ਪੰਨਾ: 103, ਖ਼ੁਤਬਾ ਇਲਹਾਮੀਆ)

"ਜਾਨਣਾ ਚਾਹੀਦਾ ਹੈ ਕਿ ਕੁਰਆਨ ਸਜੀਦ ਦੀ ਇਹ ਇਕ ਖੁਲੀ ਖੁਲੀ ਕਰਾਮਤ ਹੈ ਜਿਹੜੀ ਕਿ ਹਰ ਇਕ ਜਾਤੀ ਅਤੇ ਵਿਦਵਾਨ ਤੇ ਪ੍ਰਗਟ ਹੈ ਜਿਸ ਨੂੰ ਅਸੀਂ ਪੇਸ਼ ਕਰਕੇ ਹਰ ਇਕ ਮਨੁੱਖ ਨੂੰ ਭਾਵੇਂ

---

1-2 ਬਖ਼ਸ਼ਸ਼ 3. ਪਰਲੈ 4 ਗਿਣਤੀ

ਭਾਰਤੀ, ਪਾਰਸੀ, ਪੱਛਮੀ ਅਮਰੀਕਨ ਜਾਂ ਕਿਸੇ ਹੋਰ ਦੇਸ਼ ਦਾ ਹੋਵੇ, ਦੋਸ਼ੀ ਅਤੇ ਨਿਰਉੱਤਰ ਕਰ ਸਕਦੇ ਹਾਂ। ਉਹ ਉਸ ਦਾ ਅੰਤਰ ਗਿਆਨ, ਅਟਲ ਸੱਚਾਈਆਂ ਅਤੇ ਹਿਕਮਤ ਭਰਪੂਰ ਸਿਖਿਆਵਾਂ ਹੀ ਹਨ, ਜੋ ਹਰ ਸਮੇਂ ਉਸ ਦੀ ਲੋੜ ਅਨੁਸਾਰ ਪ੍ਰਗਟ ਹੁੰਦੀਆਂ ਜਾਂਦੀਆਂ ਹਨ ਅਤੇ ਹਰ ਸਮੇਂ ਦੀ ਵਿਚਾਰਧਾਰਾਵਾਂ ਦਾ ਟਾਕਰਾ ਕਰਨ ਲਈ ਹੱਥਿਆਰ ਬੰਦਸਿਪਾਹੀਆਂ ਵਾਂਗ ਤਿਆਰ ਖੜੀਆਂ ਹਨ। ਜੇ ਕਰ ਕੁਰਆਨ ਮਜੀਦ ਆਪਣੀਆਂ ਅਟਲ ਸੱਚਾਈਆਂ ਤੇ ਗਿਆਨ ਦੇ ਲਿਹਾਜ਼ ਨਾਲ ਸੀਮਤ ਹੁੰਦਾ ਤਾਂ ਉਹ ਇਕ ਪੂਰਨ ਕਰਾਮਤ (ਚਮਤਕਾਰ) ਨਹੀ ਠਹਿਰ ਸਕਦਾ ਸੀ।"

(ਰੂਹਾਨੀ ਖ਼ਜ਼ਾਇਨ ਭਾਗ: 3 ਪੰਨਾ: 255-256, ਇਜ਼ਾ-ਲ-ਏ-ਔਹਾਮ ਪੰਨਾ: 155-156)

"ਕੁਰਆਨ ਮਜੀਦ ਇਕ ਅਜਿਹਾ ਕਰਿਸ਼ਮਾ (ਚਮਤਕਾਰ) ਹੈ ਕਿ ਉਸ ਜਿਹੀ ਉਦਾਹਰਣ ਨਾ ਪਹਿਲਾਂ ਭੂਤ ਕਾਲ ਵਿਚ ਮਿਲਦੀ ਹੈ ਅਤੇ ਨਾ ਭਵਿਖ ਵਿਚ ਮਿਲ ਸਕੇਗੀ। ਉਸ ਦੀ ਸਖ਼ਾਵਤ, ਹਮਦਰਦੀ ਤੇ ਬਰਕਤਾਂ ਦਾ ਬੂਹਾ ਸਦਾ ਤੋਂ ਖੁਲਾ ਹੈ ਅਤੇ ਉਹ ਉਸੇ ਤਰ੍ਹਾਂ ਪ੍ਰਗਟ ਤੇ ਰੋਸ਼ਨ ਹੈ ਜਿਵੇਂ ਕਿ ਹਜ਼ਰਤ ਮੁਹੰਮਦ (ਸਲ-ਲੱਲਾਹੁ ਅਲੈਹਿ ਵਸੱਲਮ) ਦੇ ਸਮੇਂ ਸੀ, ਇਸ ਤੋਂ ਬਿਨਾਂ ਇਹ ਵੀ ਚੇਤੇ ਰਖਣਾ ਚਾਹੀਦਾ ਹੈ ਕਿ ਹਰ ਮਨੁੱਖ ਦਾ ਕਮਾਲ ਉਹਦੀ ਹਿੰਮਤ ਅਨੁਸਾਰ ਹੁੰਦਾ ਹੈ। ਜਿੱਨੀ-ਕੁ ਉਹਦੀ ਹਿੰਮਤ ਇਰਾਦਾ ਅਤੇ ਉੱਚਾ ਨਿਸ਼ਾਨਾ ਹੈ, ਉਸੇ ਦਰਜੇ ਦਾ ਉਹ ਕਲਾਮ ਹੋਇਗਾ ਅਤੇ ਖ਼ੁਦਾ ਦੀ ਵਹੀ ਦਾ ਵੀ ਇਹੀ ਰੰਗ ਹੁੰਦਾ ਹੈ। ਜਿਸ ਮਨੁੱਖ ਵਲ ਉਹਦੀ (ਅਰਥਾਤ ਖ਼ੁਦਾ ਦੀ) 1 ਵਹੀ-ਆਉਂਦੀ ਹੈ, ਉਹ ਜਿੱਨੀ ਵਧੱ ਹਿੰਮਤ ਰੱਖਣ ਵਾਲਾ ਹੋਇਗਾ, ਉਸ ਦਰਜੇ ਦਾ ਕਲਾਮ ਉਸ ਨੂੰ ਮਿਲੇਗਾ। ਇਸ ਲਈ ਜਿਹੜਾ ਕਲਾਮ ਆਪ (ਅਰਥਾਤ ਹਜ਼ਰਤ ਮੁਹੰਮਦ ਸਲਅਮ) ਨੂੰ ਮਿਲਿਆ ਉਹ ਵੀ ਇਸ ਦਰਜੇ ਦਾ ਹੈ ਕਿ ਕੋਈ ਦੂਜਾ ਇਨਸਾਨ ਇਸ ਹਿੰਮਤ ਤੇ ਹੌਸਲੇ ਦਾ ਕਦੇ ਪੈਦਾ ਨਹੀਂ ਹੋਇਆ।"

(ਮਲਫ਼ੂਜ਼ਾਤ ਭਾਗ: 3 ਪੰਨਾ: 57)

"ਅਸੀਂ ਸੱਚ ਸੱਚ ਆਖਦੇ ਹਾਂ ਅਤੇ ਸੱਚ ਆਖਣ ਤੋਂ ਕਦੇ ਰੁਕ ਨਹੀਂ ਸਕਦੇ ਕਿ ਜੇ ਕਰ ਆਂਹਜ਼ਰਤ (ਅਰਥਾਤ ਮੁਹੰਮਦ) ਨਾ ਆਏ ਹੁੰਦੇ ਅਤੇ ਪਵਿੱਤਰ ਕੁਰਆਨ ਜਿਸ ਦੇ ਪ੍ਰਭਾਵ ਨੂੰ ਸਾਡੇ ਤੋਂ ਪਹਿਲਾਂ ਸਾਡੇ ਆਗੂ ਵੇਖਦੇ ਆਏ ਅਤੇ ਅਜ ਅਸੀਂ ਵੇਖ ਰਹੇ ਹਾਂ, (ਖ਼ੁਦਾ

1. ਖ਼ੁਦਾ ਦਾ ਕਲਾਮ,

ਵੱਲੋਂ) ਉਤਰਿਆ ਨਾ ਹੁੰਦਾ, ਤਾਂ ਸਾਡੇ ਲਈ ਇਹ ਗਲ ਵੱਡੀ ਮੁਸ਼ਕਲ ਹੁੰਦੀ ਕਿ ਅਸੀਂ ਕੇਵਲ ਬਾਇਬਲ ਵੇਖਣ ਤੋਂ ਯਕੀਨੀ ਤੌਰ ਤੇ ਇਹ ਪਹਿਚਾਨ ਸਕਦੇ ਕਿ ਹਜ਼ਰਤ ਮੂਸਾ, ਹਜ਼ਰਤ ਈਸਾ ਅਤੇ ਦੂਜੇ ਪਹਿਲੇ ਨਬੀ (ਅਵਤਾਰ) ਵਾਸਤਵ ਵਿਚ ਉਸ (ਅਰਥਾਤ ਖ਼ੁਦਾ) ਦੀ ਪਵਿੱਤਰ ਜਮਾਅਤ ਵਿਚੋਂ ਹਨ। ਜੇਹਨਾਂ ਨੂੰ ਖ਼ੁਦਾ ਦੀ ਵਿਸ਼ੇਸ਼ ਕ੍ਰਿਪਾਲਤਾ ਨੇ ਆਪਣੀ ਪੈਗੰਬਰੀ ਲਈ ਚੁਨ ਲਿਆ ਹੈ। ਸਾਨੂੰ ਇਹ ਕੁਰਆਨ ਮਜੀਦ ਦਾ ਉਪਕਾਰ ਮੰਨਣਾ ਚਾਹੀਦਾ ਹੈ, ਜਿਸ ਨੇ ਆਪਣੀ ਰੋਸ਼ਨੀ ਹਰ ਸਮੇਂ ਆਪ ਵਿਖਾਈ ਅਤੇ ਫੇਰ ਉਸ ਪੂਰਨ ਰੋਸ਼ਨੀ ਦੁਆਰਾ ਬੀਤ ਚੁੱਕੇ ਨਬੀਆਂ ਦੀਆਂ ਸੱਚਾਈਆਂ ਸਾਡੇ ਉੱਤੇ ਪ੍ਰਗਟ ਕੀਤੀਆਂ। ਇਹ ਉਪਕਾਰ ਨਾ ਕੇਵਲ ਸਾਡੇ ਉੱਤੇ ਹੀ ਹੈ, ਸਗੋਂ ਆਦਮ ਤੋਂ ਲੈ ਕੇ ਮਸੀਹ ਤਕ ਉਹਨਾਂ ਸਾਰੇ ਨਬੀਆਂ ਉੱਤੇ ਹੈ, ਜੇਹੜੇ ਪਵਿੱਤਰ ਕੁਰਆਨ ਮਜੀਦ ਤੋਂ ਪਹਿਲਾਂ ਬੀਤ ਚੁੱਕੇ ਹਨ।"

(ਰੂਹਾਨੀ ਖ਼ਜ਼ਾਇਨ ਭਾਗ: 1 ਪੰਨਾ: 290, ਬਰਾਹੀਨ ਅਹਿਮਦੀਆ ਹਾਸ਼ੀਆ ਦਰ ਹਾਸ਼ੀਆ ਪੰਨਾ: 260-261)

"ਹੈ ਕਸੂਰ ਅਪਣਾ ਹੀ ਅੰਧੋਂ ਕਾ ਵਗਰ-ਨ ਵੁਹ ਨੂਹ,
ਐਸਾ ਚਮਕਾ ਕਿ 1 ਸਦ 2 ਨੱਯਿਰਿ 3 ਬੈਜ਼ਾ ਨਿਕਲਾ।

ਅਰਥ:– ਇਹ ਤਾਂ ਨੇਤਰਹੀਨਾ ਦਾ ਆਪਣਾ ਹੀ ਕਸੂਰ ਹੈ ਕਿ ਉਹਨਾਂ ਨੂੰ ਉਹ ਜੋਤਿ (ਅਰਥਾਤ ਕੁਰਆਨ ਮਜੀਦ ਦੀ ਜੋਤਿ) ਦਿਖਾਈ ਨਹੀਂ ਦਿੰਦੀ, ਜਦ ਕਿ ਇਸ ਦੀ ਜੋਤਿ ਦੀ ਚਮਕ ਸੌ ਸੂਰਜਾਂ ਤੋਂ ਵੀ ਵੱਧ ਰੋਸ਼ਨ ਹੈ।

ਜ਼ਿੰਦਗੀ ਐਸੋਂ ਕੀ ਕਿਆ ਖ਼ਾਕ ਹੈ ਇਸ ਦੁਨੀਆਂ ਮੇਂ
ਜਿਨ ਕਾ ਇਸ ਨੂਰ ਕੇ ਹੋਤੇ ਭੀ ਦਿਲ 4 ਆਅਮਾ ਨਿਕਲਾ।

ਅਰਥ :– ਇਸ ਸੰਸਾਰ ਵਿਚ ਅਜੇਹੇ ਲੋਕਾਂ ਦੀ ਜ਼ਿੰਦਗੀ ਕੀ ਖ਼ਾਕ ਹੈ ? ਜੇਹਨਾਂ ਦਾ ਦਿਲ ਇਸ (ਜੋਤਿ) ਦੇ ਹੁੰਦਿਆਂ ਵੀ ਅੰਨੇ ਦਾ ਅੰਨਾ ਹੀ ਰਿਹਾ। (ਅਰਥਾਤ ਉਸ ਵਿਚ ਆਤਮਕ ਰੋਸ਼ਨੀ ਪੈਦਾ ਨਾ ਹੋ ਸਕੀ)।"

(ਰੂਹਾਨੀ ਖ਼ਜ਼ਾਇ ਭਾਗ: 1 ਪੰਨਾ: 305-306 ਬਰਾਹੀਨ ਅਹਿਮਦੀਆ ਭਾਗ: 3 ਪੰਨਾ: 275, ਹਾਸ਼ੀਆ ਦਰ ਹਾਸ਼ੀਆ ਪਹਿਲਾ ਐਡੀਸ਼ਨ)

---

1 ਸੌ 2 ਸੂਰਜ 3 ਰੋਸ਼ਨ 4 ਅੰਨਾ

ਐ ਅਜੀਜ਼ੋ ਸੁਣੋ ਕਿ ਬੇ ਕੁਰਆਂ
ਹਕ ਕੋ ਮਿਲਤਾ ਨਹੀਂ ਕਭੀ ਇਨਸਾਂ

ਅਰਥ:- ਮੇਰੇ ਪਿਆਰੋ (ਇਸ ਗਲ ਨੂੰ ਧਿਆਨ ਨਾਲ ) ਸੁਣੋ! ਕਿ ਕੁਰਆਨ ਨੂੰ ਤਿਆਗ ਕੇ ਇਨਸਾਨ ਕਦੇ ਵੀ ਖ਼ੁਦਾ ਨੂੰ ਨਹੀਂ ਮਿਲ ਸਕਦਾ (ਅਰਥਾਤ ਉਹਦਾ ਪਿਆਰਾ ਨਹੀਂ ਬਣ ਸਕਦਾ)

ਦਿਲ ਮੇਂ ਹਰ ਵਕਤ ਨੂਰ ਭਰਤਾ ਹੈ,
ਸੀਨਾ ਕੋ ਖ਼ੂਬ ਸਾਫ਼ ਕਰਤਾ ਹੈ।

ਅਰਥ:- ਇਹ ਕੁਰਆਨ ਮਨੁੱਖ ਦੇ ਦਿਲ ਵਿਚ ਅਜਿਹਾ ਨੂਰ ਭਰਦਾ ਅਤੇ ਸੀਨੇ ਨੂੰ ਅਜਿਹਾ ਪਵਿੱਤਰ ਕਰ ਦਿੰਦਾ ਹੈ। ਜਿਸ ਰਾਹੀਂ ਸੀਨੇ ਦੀਆਂ ਸਾਰੀਆਂ (ਪਾਪਾਂ ਰੂਪੀ) ਬੀਮਾਰੀਆਂ ਦੂਰ ਹੋ ਜਾਂਦੀਆਂ ਹਨ।

ਇਸ ਕੇ 1 ਔਸਾਫ਼ ਕਿਯਾ ਕਰੂੰ ਮੈਂ ਬਿਆਂ,
ਵੁਹ ਤੋਂ ਦੇਤਾ ਹੈ ਜਾਂ ਕੋ ਔਰ ਇਕ ਜਾਂ।

ਅਰਥ:- ਇਸ (ਕੁਰਆਨ) ਦੀਆਂ ਖ਼ੂਬੀਆਂ ਮੈਂ ਕਿਵੇਂ ਵਰਨਣ ਕਰ ਸਕਦਾ ਹਾਂ. ਇਹ ਤਾਂ ਮੇਰੀ ਜਾਨ (ਅਰਥਾਤ ਜੀਵਨ) ਨੂੰ ਇਕ ਨਵਾਂ ਜੀਵਨ ਦਿੰਦਾ ਹੈ।

ਯਿਹ ਤੋਂ ਚਮਕਾ ਹੈ 2 ਨੱਯਰਿ 3 ਅਕਬਰ
ਇਸ ਸੇ ਇਨਕਾਰ ਹੋ ਸਕੇ ਕਿਉਂ ਕਰ।

ਅਰਥ:- ਇਹ (ਕੁਰਆਨ) ਤਾਂ ਇਕ ਵੱਡੇ ਸੂਰਜ ਵਾਂਗ (ਆਪਣੀ ਆਤਮਕ ਰੋਸ਼ਨੀ ਦੁਆਰਾ) ਚਮਕ ਰਿਹਾ ਹੈ। ਇਸ ਤੋਂ ਇਨਕਾਰ ਕਿਵੇਂ ਹੋ ਸਕਦਾ ਹੈ।

ਬਹਰ ਹਿਕਮਤ ਹੈ ਵੁਹ ਕਲਾਮ ਤਮਾਮ,
ਇਸ਼ਕ ਹਕ ਕਾ ਪਿਲਾ ਰਹਾ ਹੈ ਜਾਮ।

ਅਰਥ:- ਇਹ ਸਾਰਾ ਕਲਾਮ (ਅਰਥਾਤ ਕੁਰਆਨ ਮਜੀਦ) ਹਿਕਮਤ ਦਾ ਇਕ ਸਾਗਰ ਹੈ ਅਤੇ ਖ਼ੁਦਾ ਦੇ ਇਸ਼ਕ (ਪਿਆਰ) ਦਾ ਪਿਆਲਾ ਪਿਲਾ ਰਿਹਾ ਹੈ।

ਦਰਦ ਮੰਦੋ ਕੀ ਹੈ ਦਵਾ ਵੁਹੀ ਏਕ,
ਹੈ ਖ਼ੁਦਾ ਸੇ ਖ਼ੁਦਾ ਨੁਮਾ ਵੁਹੀ ਏਕ

ਅਰਥ:- (ਆਤਮਕ) ਦੁਖੀਆਂ ਦੀ ਇਹ ਇਕ ਦਵਾ ਹੈ ਅਤੇ ਇਹ ਖ਼ੁਦਾ ਵੱਲੋਂ ਹੈ ਅਤੇ ਖ਼ੁਦਾ ਨੂੰ ਵਿਖਾਉਣ ਵਾਲਾ ਹੈ।

ਇਸ ਕੋ ਮੁਨਕਿਰ ਜੋ ਬਾਤ ਕਹਿਤੇ ਹੈਂ;
ਯੂੰਹੀ ਇਕ ਵਾਹਿਯਾਤ ਕਹਿਤੇ ਹੈਂ।

1. ਗੁਣ 2. ਸੂਰਜ 3. ਵੱਡਾ

ਅਰਥ :– ਇਸ (ਕੁਰਆਨ) ਦੇ ਇਨਕਾਰੀ ਜਿਹੜੀ ਗਲ ਕਹਿੰਦੇ ਹਨ, ਉਹ ਇਕ ਵਾਹਿਯਾਤ ਤੇ ਵਿਅਰਥ ਗਲ ਹੀ ਕਹਿੰਦੇ ਹਨ।

(ਰੂਹਾਨੀ ਖ਼ਜ਼ਾਇਨ ਭਾਗ: 1 ਪੰਨਾ: 299-300 ਬਰਾਹੀਨ ਅਹਿਮਦੀਆ ਭਾਗ: 3 ਹਾਸ਼ੀਆ ਦਰ ਹਾਸ਼ੀਆ ਨੰ: 2 ਪੰਨਾ: 269 ਐਡੀਸ਼ਨ ਪਹਿਲਾ)

"ਅਜ ਸਾਰੀ ਧਰਤੀ ਤੇ ਸਾਰੀਆਂ ਇਲਹਾਮੀ ਪੁਸਤਕਾਂ ਵਿੱਚੋਂ ਇਕ ਕੁਰਆਨ ਮਜੀਦ ਹੀ ਹੈ ਜਿਸ ਦਾ ਕਲਾਮ ਪੱਕੀਆਂ ਦਲੀਲਾਂ ਰਾਹੀਂ ਸਿਧ ਹੈ। ਜਿਸ ਦੇ ਸਿਧਾਂਤ ਮੁਕਤੀ ਦੇ ਬਿਲਕੁਲ ਸਿੱਧੇ ਮਾਰਗ ਅਤੇ ਮਨੁੱਖੀ ਸੁਭਾ ਅਨੁਸਾਰ ਹਨ। ਜਿਸਦੇ ਅਕਾਇਦ (ਵਿਚਾਰ) ਪੂਰਨ ਅਤੇ ਪੱਕੇ ਹਨ। ਜਿਸ ਦੀਆਂ ਪੱਕੀਆਂ ਦਲੀਲਾਂ ਮੂਹੋਂ ਬੋਲ ਰਹੀਆਂ ਹਨ। ਜਿਸਦੇ ਹੁਕਮ ਕੇਵਲ ਸਚੱਾਈ ਤੇ ਆਧਾਰਤ ਹਨ, ਜਿਸ ਦੀਆਂ ਸਿਖਿਆਵਾਂ ਹਰ ਇਕ ਮਿਲਾਵਟ, ਗੰਦਗੀ ਅਤੇ ਬੁਰੀਆਂ ਰਸਮਾਂ ਤੋਂ ਉੱਕਾ ਹੀ ਪਵਿੱਤਰ ਹਨ ਅਤੇ ਸੰਸਾਰਕ ਇਸ਼ਟਾਂ ਦੀ ਉਪਾਸਨਾ ਤੋਂ ਪਾਕ ਹਨ। ਜਿਸ ਵਿਚ ਤੌਹੀਦ (ਇਕ ਈਸ਼ਵਰ ਵਾਦ) ਖ਼ੁਦਾ ਦਾ ਸਤਿਕਾਰ ਅਤੇ ਉਸ ਦੀਆਂ ਵੱਡਿਆਈਆਂ ਦੇ ਪ੍ਰਗਟਾ ਲਈ ਹਦ ਦਰਜੇ ਦਾ ਜੋਸ਼ ਹੈ, ਜਿਸ ਵਿਚ ਉਹ ਖ਼ੂਬੀ ਹੈ ਕਿ ਸਾਰੇ ਦਾ ਸਾਰਾ ਹੀ ਤੌਹੀਦ (ਇਕ ਈਸ਼ਵਰਵਾਦ ਦੇ ਸਿਧਾਂਤ) ਨਾਲ ਭਰਿਆ ਹੋਇਆ ਹੈ ਅਤੇ ਕਿਸੇ ਪ੍ਰਕਾਰ ਦਾ ਦਾਗ਼, ਬੁਰਾਈ ਤੇ ਤਰੁੱਟੀ ਉਸ (ਅੱਲਾਹ) ਦੀ ਤੌਹੀਦ ਤੇ ਨਹੀਂ ਲਾਉਂਦਾ। ਕਿਸੇ ਵਿਚਾਰ ਨੂੰ ਜ਼ਬਰਦਸਤੀ ਮੰਨਵਾਉਂਣਾ ਨਹੀਂ ਚਾਹੁੰਦਾ, ਸਗੋਂ ਜਿਹੜੀ ਵੀ ਸਿਖਿਆ ਦਿੰਦਾ ਹੈ। ਉਸ ਦੀ ਸਚੱਾਈ ਦੇ ਕਾਰਣ ਪਹਿਲਾਂ ਵਿਖਾ ਲੈਂਦਾ ਹੈ ਅਤੇ ਹਰ ਇਕ ਭਾਵ ਤੇ ਮੰਤਵ ਨੂੰ ਯੁਕਤੀਆਂ (ਦਲੀਲਾਂ) ਰਾਹੀਂ ਸਿਧ ਕਰਦਾ ਹੈ ਅਤੇ ਹਰ ਇਕ ਅਸੂਲ ਦੀ ਹਕੀਕਤ ਬਾਰੇ ਸਪਸ਼ਟ ਦਲੀਲਾਂ ਵਰਨਣ ਕਰਕੇ ਪੂਰਨ ਵਿਸ਼ਵਾਸ ਤੇ ਪੂਰਨ ਗਿਆਨ ਤਕ ਪਹੁੰਚਾਉਂਦਾ ਹੈ ਅਤੇ ਜੇਹੜੀਆਂ ਊਣਤਾਈਆਂ, ਅਪਵਿੱਤਰਤਾਈਆਂ, ਖਰਾਬੀਆਂ, ਫ਼ਸਾਦ ਲੋਕਾਂ ਦੇ ਅਕੀਦਿਆਂ (ਵਿਚਾਰਾਂ), ਕਰਮਾਂ ਅਤੇ ਕਥਨਾਂ ਵਿਚ ਪੈਦਾ ਹੋ ਗਈਆਂ ਹਨ ਉਹਨਾਂ ਸਾਰੀਆਂ ਖ਼ਰਾਬੀਆਂ ਤੇ ਝਗੜਿਆਂ ਨੂੰ ਰੋਸ਼ਨ ਦਲੀਲਾਂ ਰਾਹੀਂ ਦੂਰ ਕਰਦਾ ਹੈ ਅਤੇ ਉਹ ਸਾਰੇ ਸਤਿਕਾਰ ਸਿਖਾਉਂਦਾ ਹੈ ਜੇਹਨਾਂ ਦੀ ਜਾਣਕਾਰੀ ਮਨੁੱਖ ਨੂੰ ਮਨੁੱਖ ਬਨਣ ਲਈ ਅਤਿ ਜ਼ਰੂਰੀ ਹੈ ਅਤੇ ਹਰ ਇਕ ਝਗੜੇ ਫ਼ਸਾਦ ਦਾ ਇੱਨੇ ਜ਼ੋਰ ਨਾਲ ਟਾਕਰਾ ਕਰਦਾ ਹੈ ਕਿ ਜਿੱਨੇ ਜ਼ੋਰ ਨਾਲ ਅਜ ਕਲ ਫ਼ੈਲਿਆ ਹੋਇਆ ਹੈ। ਇਸ ਦੀ ਸਿਖਿਆ ਅਤਿ ਮਿਠੀ ਸਿਧੀ ਸਾਧੀ,

ਮਜ਼ਬੂਤ, ਪੂਰਨ ਅਤੇ ਨਿਮਰਤਾ ਭਰੀ ਹੈ (ਅਰਥਾਤ ਮਨ ਨੂੰ ਮੋਹ ਲੈਣ ਵਾਲੀ ਹੈ) ਜਾਣੋ ਕਿ ਖ਼ੁਦਾ ਦੇ ਹੁਕਮਾਂ ਦਾ ਇਕ ਸ਼ੀਸ਼ਾ ਹੈ ਅਤੇ ਪ੍ਰਾਕ੍ਰਿਤਕ ਵਿਧਾਨ ਦਾ ਪ੍ਰਤਿਬਿੰਬ ਹੈ ਅਤੇ ਮਨ ਦੀਆਂ ਅੱਖਾਂ ਤੇ ਉਸ ਦੇ ਪ੍ਰਕਾਸ਼ ਲਈ ਇਕ ਲਸ਼ਕਾਰੇ ਮਾਰਦਾ ਹੋਇਆ ਸੂਰਜ ਹੈ।"

(ਰੂਹਾਨੀ ਖ਼ਜ਼ਾਇਨ ਭਾਗ: 1 ਪੰਨਾ: 81-81, ਬਰਾਹੀਨ ਅਹਿਮਦੀਆ ਭਾਗ: 2 ਪੰਨਾ: 91-92 ਐਡੀਸ਼ਨ ਪਹਿਲਾ)

## ਦੁਨੀਆਂ ਦੇ ਧਰਮ

"ਉਹ ਸਿਧਾਂਤ ਜਿਸ ਤੇ ਮੈਨੂੰ ਕਾਇਮ ਕੀਤਾ ਗਿਆ ਹੈ ਉਹਨਾਂ ਵਿੱਚੋਂ ਇਕ ਇਹ ਹੈ ਕਿ ਮੈਨੂੰ ਖ਼ੁਦਾ ਨੇ ਦੱਸਿਆ ਹੈ ਕਿ ਸੰਸਾਰ ਵਿਚ ਨਬੀਆਂ, ਅਵਤਾਰਾਂ ਦੁਆਰਾ ਜਿੱਨੇ ਵੀ ਧਰਮ ਫ਼ੈਲ ਗਏ ਹਨ ਅਤੇ ਪੱਕਿਆਈ ਫੜ੍ਹ ਗਏ ਹਨ ਅਤੇ ਦੁਨੀਆਂ ਦੇ ਇਕ ਭਾਗ ਨੂੰ ਆਪਣੇ ਘੇਰੇ ਵਿਚ ਲੈ ਚੁੱਕੇ ਹਨ ਤੇ ਇਕ ਉਮਰ ਲੰਘਾ ਚੁੱਕੇ ਹਨ ਅਤੇ ਇਕ ਸਮਾਂ ਉਨ੍ਹਾਂ ਤੇ ਬੀਤ ਚੁੱਕਾ ਹੈ ਉਹਨਾਂ ਵਿੱਚੋ ਕੋਈ ਧਰਮ ਵੀ ਆਪਣੀ ਅਸਲੀਅਤ ਦੇ ਲਿਹਾਜ਼ ਨਾਲ ਝੂਠਾ ਨਹੀਂ ਅਤੇ ਨਾ ਹੀ ਉਹਨਾਂ ਨਬੀਆਂ ਵਿੱਚੋਂ ਕੋਈ ਨਬੀ ਝੂਠਾ ਹੈ।"

(ਰੂਹਾਨੀ ਖ਼ਜ਼ਾਇਨ ਭਾਗ: 12 ਪੰਨਾ: 256 ਤੁਹਫ਼ਾ ਕੈਸਰੀਆ)

" ਇਹ ਅਸੂਲ (ਸਿਧਾਂਤ) ਅਤਿ ਪਿਆਰਾ ਸ਼ਾਂਤਮਈ, ਸੁਨਹਿਰੀ ਅਤੇ ਮਿੱਤਰਤਾ ਦੀ ਨੀਂਹ ਰੱਖਣ ਵਾਲਾ ਹੈ ਅਤੇ ਆਚਰਨਕ ਹਾਲਤਾਂ ਨੂੰ ਸਹਾਇਤਾ ਦੇਣ ਵਾਲਾ ਹੈ ਕਿ ਅਸੀਂ ਉਹਨਾਂ ਸਾਰੇ ਨਬੀਆਂ ਨੂੰ ਸੱਚਾ ਸਮਝ ਲਈਏ ਜੇਹੜੇ ਦੁਨੀਆਂ ਵਿਚ ਆਏ, ਭਾਵੇਂ ਭਾਰਤ ਵਿਚ ਪ੍ਰਗਟ ਹੋਏ ਫ਼ਾਰਸ ਵਿਚ, ਚੀਨ ਵਿਚ ਪ੍ਰਗਟ ਹੋਏ ਜਾਂ ਕਿਸੇ ਹੋਰ ਦੇਸ਼ ਵਿਚ ਅਤੇ ਖ਼ੁਦਾ ਨੇ ਉਹਨਾਂ ਦਾ ਕਰੋੜਾਂ ਦਿਲਾਂ ਵਿਚ ਸੱਤਿਕਾਰ ਅਤੇ ਪਿਆਰ ਪੈਦਾ ਕਰ ਦਿੱਤਾ ਅਤੇ ਉਹਨਾਂ ਦੇ ਧਰਮ ਦੀ ਜੜ ਕਾਇਮ ਕਰ ਦਿੱਤੀ (ਅਰਥਾਤ ਮਜਬੂਤ ਕਰ ਦਿੱਤੀ) ।"

(ਰੂਹਾਨੀ ਖ਼ਜ਼ਾਇਨ ਭਾਗ: 12, ਪੰਨਾ: 259, ਤੁਹਫ਼ਾ ਕੈਸਰੀਆਂ ਪੰਨਾ: 2)

## ਮਨੁੱਖਤਾ ਨਾਲ ਹਮਦਰਦੀ

"ਸਾਡਾ ਇਹ ਅਸੂਲ (ਸਿਧਾਂਤ) ਹੈ ਕਿ ਸਾਰੀ ਮਨੁੱਖਤਾ ਨਾਲ

ਹਮਦਰਦੀ ਕਰੋ। ਜੇ ਕਰ ਇਕ ਗਵਾਂਡੀ ਹਿੰਦੂ ਨੂੰ ਵੇਖਦਾ ਹੈ ਕਿ ਉਹਦੇ ਘਰ ਨੂੰ ਅੱਗ ਲਗ ਗਈ ਹੈ ਅਤੇ ਇਹ ਉਸ ਅਗ ਨੂੰ ਬੁਝਾਉਣ ਲਈ ਨਹੀਂ ਉਠਦਾ ਤਾਂ ਮੈਂ ਸੱਚ ਸੱਚ ਕਹਿੰਦਾ ਹਾਂ ਕਿ ਉਹ ਮੇਰੇ ਵਿੱਚੋ ਨਹੀਂ ਹੈ। ਇਸੇ ਤਰ੍ਹਾਂ ਜੇ ਕਰ ਕੋਈ ਮਨੁੱਖ ਮੇਰੇ ਸ਼ਰਧਾਲੂਆਂ ਵਿੱਚੋ ਵੇਖਦਾ ਹੈ ਕਿ ਇਕ ਈਸਾਈ ਨੂੰ ਕੋਈ ਕਤਲ ਕਰ ਰਿਹਾ ਹੈ ਅਤੇ ਉਹ ਉਹਨੂੰ ਛੁਡਾਉਣ ਲਈ ਮਦਦ ਨਹੀਂ ਕਰਦਾ ਤਾਂ ਮੈਂ ਤੁਹਾਨੂੰ ਬਿਲਕੁਲ ਠੀਕ ਆਖਦਾ ਹਾਂ ਕਿ ਉਹਦਾ ਸਾਡੇ ਨਾਲ ਕੋਈ ਸੰਬੰਧ ਨਹੀਂ ਹੈ ।"

(ਰੂਹਾਨੀ ਖ਼ਜ਼ਾਇਨ ਭਾਗ: 12 ਪੰਨਾ: 28, ਸਿਰਾਜਿ ਮੁਨੀਰ ਪੰਨਾ: 26)

"ਮੈਂ ਸਾਰੇ ਮੁਸਲਮਾਨਾਂ, ਈਸਾਈਆਂ ਅਤੇ ਆਰੀਆਂ ਤੇ ਇਹ ਗਲ ਸਪਸ਼ਟ ਕਰਦਾ ਹਾਂ ਕਿ ਦੁਨੀਆਂ ਵਿਚ ਮੇਰਾ ਕੋਈ ਦੁਸ਼ਮਣ ਨਹੀਂ ਹੈ, ਮੈਂ ਮਨੁੱਖਤਾ ਨਾਲ ਅਜਿਹੀ ਮੁਹੱਬਤ ਕਰਦਾ ਹਾਂ, ਜਿਵੇਂ ਕਿ ਇਕ ਮਿਹਰਬਾਨ ਮਾਤਾ ਆਪਣੇ ਬੱਚਿਆਂ ਨਾਲ, ਸਗੋਂ ਉਸ ਤੋਂ ਵੀ ਵਧ ਚੜ੍ਹ ਕੇ, ਮੈਂ ਕੇਵਲ ਝੂਠੇ ਵਿਚਾਰਾਂ ਦਾ ਦੁਸ਼ਮਣ ਹਾਂ ਜੇਹਨਾਂ ਰਾਹੀਂ ਸੱਚਾਈ ਦਾ ਖ਼ੂਨ ਹੁੰਦਾ ਹੈ, ਮਨੁੱਖ ਨਾਲ ਹਮਦਰਦੀ ਮੇਰਾ ਕਰਤਵ ਹੈ ਅਤੇ ਝੂਠ, ਸ਼ਿਰਕ (ਅੱਲਾਹ ਨੂੰ ਛੱਡ ਕੇ ਦੂਜੇ ਇਸ਼ਟਾਂ ਦੀ ਉਪਾਸਨਾ ਕਰਨੀ) ਅੱਤਿਆਚਾਰ ਅਤੇ ਹਰ ਇਕ ਭੈੜੇ ਕੰਮ, ਅਨਿਆ ਤੇ ਭੈੜੇ ਆਚਰਨ ਤੋਂ ਘ੍ਰਿਣਾ ਮੇਰਾ ਅਸੂਲ ਹੈ।"

(ਰੂਹਾਨੀ ਖ਼ਜ਼ਾਇਨ ਭਾਗ: 17 ਪੰਨਾ: 344 ਅਰ-ਬਈਨ ਨੰ: 1 ਪੰਨਾ: 2)

## ਅਹਿਮਦੀਅਤ ਦਾ ਭਵਿੱਖ

"ਮੈਂ ਪੂਰਨ ਤੇ ਪੱਕੇ ਨਿਸ਼ਚੈ ਨਾਲ ਕਹਿੰਦਾ ਹਾਂ ਕਿ ਮੈਂ ਸੱਚਾਈ ਉੱਤੇ ਹਾਂ ਅਤੇ ਖ਼ੁਦਾ ਦੀ ਕ੍ਰਿਪਾ ਨਾਲ ਇਸ ਖੇਤਰ ਵਿਚ ਮੇਰੀ ਹੀ ਜਿਤ ਹੈ ਅਤੇ ਜਿੱਥੋਂ ਤਕ ਮੈਂ ਦੂਰ ਦ੍ਰਿਸ਼ਟੀ ਨਾਲ ਵੇਖਦਾ ਹਾਂ, ਸਾਰੀ ਦੁਨੀਆਂ ਨੂੰ ਆਪਣੀ ਸੱਚਾਈ ਦੇ ਪੈਰਾਂ ਥੱਲੇ ਵੇਖਦਾ ਹਾਂ, ਉਹ ਸਮਾਂ ਨੇੜੇ ਹੀ ਹੈ ਕਿ ਮੈਂ ਇਕ ਵੱਡੀ ਤੇ ਸ਼ਾਨਦਾਰ ਫ਼ਤਹਿ ਪਾਵਾਂ, ਕਿਉਂਕਿ ਮੇਰੀ ਜ਼ਬਾਨ ਦੀ ਸਹਾਇਤਾ ਵਿਚ ਇਕ ਹੋਰ ਜ਼ਬਾਨ ਬੋਲ ਰਹੀ ਹੈ ਅਤੇ ਮੇਰੇ ਹੱਥਾਂ ਦੀ ਮਜ਼ਬੂਤੀ ਲਈ ਇਕ ਹੋਰ ਹੱਥ ਕੰਮ ਕਰ ਰਿਹਾ ਹੈ, ਜਿਹਨੂੰ ਦੁਨੀਆਂ ਨਹੀਂ ਜਾਣਦੀ, ਪਰ ਮੈਂ ਵੇਖ ਰਿਹਾ ਹਾਂ। ਮੇਰੇ ਅੰਦਰ ਇਕ ਆਕਾਸ਼ੀ ਰੂਹ (ਆਤਮਾ) ਬੋਲ ਰਹੀ ਹੈ ਜਿਹੜੀ ਕਿ ਮੇਰੇ ਇਕ ਇਕ ਸ਼ਬਦ ਨੂੰ ਜੀਵਨ ਬਖ਼ਸ਼ਦੀ ਹੈ ਅਤੇ ਆਕਾਸ਼ ਉੱਤੇ ਇਕ ਜੋਸ਼ ਪੈਦਾ ਹੋ ਰਿਹਾ ਹੈ, ਜਿਸ ਨੇ ਇਕ

ਪੁਤਲੀ ਵਾਂਗ ਇਸ ਮੁਸ਼ਤੇ-ਖਾਕਨੂੰ(ਇਕ ਮੁਠੀ ਭਰ ਖਾਕ, ਅਰਥਾਤ ਮੈਨੂੰ) ਖੜਾ ਕਰ ਦਿੱਤਾ ਹੈ। ਹਰ ਇਕ ਉਹ ਮਨੁੱਖ ਜਿਸ ਤੇ ਤੋਬਾ ਦਾ ਬੂਹਾ ਬੰਦ ਨਹੀਂ, ਉਹ ਛੇਤੀ ਹੀ ਵੇਖ ਲਏਗਾ ਕਿ ਮੈਂ ਆਪਣੇ ਵੱਲੋਂ ਨਹੀਂ ਹਾਂ, ਸਗੋਂ ਖ਼ੁਦਾ ਨੇ ਮੈਨੂੰ ਖੜ੍ਹਾ ਕੀਤਾ ਹੈ। ਕੀ ਉਹ ਅੱਖਾਂ ਰੋਸ਼ਨ ਕਹੀਆਂ ਜਾ ਸਕਦੀਆਂ ਹਨ ? ਜੇਹੜੀਆਂ ਸੱਚਾਈ ਨੂੰ ਨਹੀਂ ਪਹਿਚਾਣਦੀਆਂ, ਕੀ ਉਹ ਵੀ ਜਿਊਂਦਾ ਹੈ ? ਜਿਹਨੂੰ ਇਸ ਆਕਾਸ਼ੀ ਆਵਾਜ਼ ਦਾ ਅਨੁਭਵ ਨਹੀਂ।"

(ਰੂਹਾਨੀ ਖ਼ਜ਼ਾਇਨ ਭਾਗ: 3 ਪੰਨਾ: 403 ਇਜ਼ਾਲਹਿ – ਔਹਾਮ ਪੰਨਾ:: 593 ਪਹਿਲਾ ਐਡੀਸ਼ਨ)

"ਵਿਸ਼ਵਾਸ ਜਾਣੋ ! ਕਿ ਇਹ ਖ਼ੁਦਾ ਦੇ ਹੱਥ ਦਾ ਲਾਇਆ ਬੂਟਾ ਹੈ। ਖ਼ੁਦਾ ਇਸ ਨੂੰ ਕਦੇ ਵੀ ਬਰਬਾਦ ਨਹੀਂ ਕਰੇਗਾ। ਉਹ ਖ਼ੁਸ਼ ਨਹੀਂ ਹੋਇਗਾ ਜਦ ਤਕ ਇਹਨੂੰ ਅੰਤਲੀ ਸਿਖਰ ਤਕ ਨਾ ਪਹੁੰਚਾ ਦੇਵੇ, ਉਹ ਇਸ ਦੀ ਆਪ ਸਿੰਚਾਈ ਕਰੇਗਾ। ਇਸ ਦੀ ਰਕਸ਼ਾ ਲਈ ਇਸਦੇ ਚੌਗਿਰਦੇ ਇਹਾਤਾ ਬਨਾਇਗਾ (ਅਰਥਾਤ ਇਸ ਨੂੰ ਰਕਸ਼ਾ ਵਜੋਂ ਘੇਰੇ ਵਿਚ ਲਈ ਰੱਖੇਗਾ) ਅਤੇ ਹੈਰਾਨੀ ਭਰਪੂਰ ਉੱਨਤੀ ਦੇਵੇਗਾ। ਕੀ ਤੁਸੀਂ ਕੋਈ ਘਟ ਜ਼ੋਰ ਲਾਇਆ ਹੈ। ਸੋ ਜੇ ਕਰ ਇਹ ਮਨੁੱਖ ਦਾ ਕੰਮ ਹੁੰਦਾ, ਤਾਂ ਕਦੇ ਦਾ ਇਹ ਰੁੱਖ ਕਟਿਆ ਜਾ ਚੁੱਕਾ ਹੁੰਦਾ ਅਤੇ ਇਸ ਦਾ ਨਾਂ ਨਿਸ਼ਾਨ ਵੀ ਬਾਕੀ ਨਾ ਰਹਿੰਦਾ"

(ਰੂਹਾਨੀ ਖ਼ਜ਼ਾਇਨ ਭਾਗ: 11 ਪੰਨਾ: 64 ਅੰਜਾਮਿਆਥਮ)

## ਆਖ਼ਰੀ ਜਿੱਤ

"ਧਰਤੀ ਦੇ ਲੋਕ ਖ਼ਿਆਲ ਕਰਦੇ ਹੋਣਗੇ ਕਿ ਸ਼ਾਇਦ ਆਖ਼ਿਰ ਵਿਚ ਈਸਾਈ ਧਰਮ ਦੁਨੀਆ ਵਿਚ ਫੈਲੇਗਾ ਜਾਂ ਬੁਧ ਮਤ ਦੁਨੀਆਂ ਤੇ ਛਾ ਜਾਇਗਾ, ਪਰ ਉਹ ਇਸ ਖ਼ਿਆਲ ਵਿਚ ਭੁਲ ਵਿਚ ਹਨ। ਚੇਤੇ ਰਹੇ ਕਿ ਧਰਤੀ ਤੇ ਕੋਈ ਗਲ ਪ੍ਰਗਟ ਨਹੀਂ ਹੁੰਦੀ ਜਦ ਤਕ ਉਸ ਦਾ ਆਕਾਸ਼ ਤੇ ਪੱਕਾ ਫ਼ੈਸਲਾ ਨਾ ਹੋ ਚੁੱਕਾ ਹੋਵੇ। ਸੋ ਆਕਾਸ਼ ਦੇ ਖ਼ੁਦਾ ਨੇ ਮੈਨੂੰ ਦੱਸਿਆ ਹੈ ਕਿ ਅੰਤ ਵਿਚ ਇਸਲਾਮ ਧਰਮ ਦਿਲਾਂ ਨੂੰ ਫ਼ਤਹਿ ਕਰੇਗਾ।"

(ਰੂਹਾਨੀ ਖ਼ਜ਼ਾਇਨ ਭਾਗ: 21 ਪੰਨਾ: 427, ਬਰਾਹੀਨ ਅਹਿਮਦੀਆ ਭਾਗ: 5, ਯਾਦ-ਦਾਸ਼ਤੇਂ ਪੰਨਾ: 11-12 ਪਹਿਲਾ ਐਡੀਸ਼ਨ)